# ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

## ਐਪੀਸੋਡ ੧੯: ਨਿਮਰਿਤ ਪ੍ਰਭਾਵ (ਹਲੀਮੀ ਦੀ ਛਾਪ)

'ਨਿਮਰਿਤ ਪ੍ਰਭਾਵ' 'ਹਲੀਮੀ ਦੀ ਛਾਪ' ਨਿਮਾਣੇ ਫ਼ਲਸਾਫ਼ੀ ਦੀ ਮਿਲਣਸਾਰੀ ਹੰਕਾਰੀ ਦਿਲਾਂ ਨੂੰ ਨਰਮ ਕਰਦੀ ਹੈ। 'ਤਕਸ਼ਿਲਾ' ਦੀਆਂ ਪੱਥਰੀਲੀਆਂ ਪਹਾੜੀਆਂ ਵਿੱਚ ਗੁਰੂ ਨਾਨਕ ਆਪਣੇ ਫ਼ਲਸਾਫ਼ੀ ਸ਼ਬਦਾਂ ਨਾਲ ਪੱਥਰਾਈਆਂ ਰੂਹਾਂ ਨੂੰ ਮੁਲਾਇਮ ਕਰਦੇ ਹਨ।

ਅਗਮ ਅਗੋਚਰੁ ਅਪਰ ਅਪਾਰਾ ਪਾਰਬ੍ਰਹਮੁ ਪਰਧਾਨੋ॥
(ਰਾਗ ਆਸਾ, ਗੁਰੂ ਨਾਨਕ)

ਉਹ ਅਥਾਹ, ਅਪਹੁੰਚ, ਅਨੰਤ ਅਤੇ ਅਦੁੱਤੀ ਹੈ। ਉਹ ਪਾਰਬ੍ਰਹਮ ਸ਼੍ਰੋਮਣੀ ਹੈ।
(ਰਾਗ ਆਸਾ, ਗੁਰੂ ਨਾਨਕ)

ਕੁਦਰਤ ਦੇ ਅਜੂਬੇ ਮਨੁੱਖ ਦੀ ਹਾਜ਼ਰਾ-ਹਜ਼ੂਰ ਬਾਰੇ ਜਗਿਆਸਾ ਨੂੰ ਵਧਾਉਂਦੇ ਹਨ ਜਿਸ ਨੇ ਅਨੰਤ ਸਿਰਜਣਾ ਦੀ ਵਿਓਂਤ ਬਣਾਈ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸ਼੍ਰੀਨਗਰ ਤੋਂ ਹਸਨ ਅਬਦਾਲ, ਟਿੱਲਾ ਜੋਗੀਆਂ, ਸਿਆਲਕੋਟ ਰਾਹੀਂ ਪਸਰੂਰ ਤੋਂ ਤਲਵੰਡੀ ਵਾਪਸੀ ਕੀਤੀ ਜੋ ਹੁਣ ਨਨਕਾਣਾ ਸਾਹਿਬ ਹੈ। ਇਸ ਤੋਂ ਬਾਅਦ ਉਨ੍ਹਾਂ ਨੇ ਸੁਲਤਾਨਪੁਰ ਲੋਧੀ ਨੂੰ ਚਾਲੇ ਪਾ ਦਿੱਤੇ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਸ਼੍ਰੀਨਗਰ ਵਾਦੀ ਤੋਂ ਪੱਛਮ ਵਾਲੇ ਪਾਸੇ ਨੂੰ ਪਹਾੜੀ ਇਲਾਕੇ ਵਿੱਚੋਂ ਸਫ਼ਰ ਕੀਤਾ ਅਤੇ ਹਸਨ ਅਬਦਾਲ ਪਹੁੰਚੇ।

ਮੌਜੂਦਾ ਦੌਰ ਵਿੱਚ ਸਫ਼ਾਰਤੀ ਨੀਤੀਆਂ ਕਾਰਨ ਕਸ਼ਮੀਰ ਵਿੱਚੋਂ ਇੰਡੀਆ-ਪਾਕਿਸਤਾਨ ਦੀ ਸਰਹੱਦ ਪਾਰ ਨਹੀਂ ਕੀਤੀ ਜਾ ਸਕਦੀ। ਇਸ ਲਈ ਅਸੀਂ ਪੰਜਾਬ ਵਿੱਚ ਵਾਹਗਾ ਗਏ ਅਤੇ ਉੱਥੋਂ ਪਾਕਿਸਤਾਨ ਪਹੁੰਚ ਕੇ ਹਸਨ ਅਬਦਾਲ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰ ਰਹੇ ਹਾਂ।

ਹਸਨ ਅਬਦਾਲ, ਪਾਕਿਸਤਾਨ ਵਾਲੇ ਪੰਜਾਬ ਦੇ ਜ਼ਿਲ੍ਹਾ ਅਟਕ ਦਾ ਕਸਬਾ ਹੈ। ਇਸ ਕਸਬੇ ਦਾ ਨਾਮ ਦੋ ਬੰਦਿਆਂ ਦੇ ਨਾਮ ਉੱਤੇ ਪਿਆ ਹੈ; ਹਸਨ ਚਰਵਾਹਾ ਸੀ ਅਤੇ ਅਬਦਾਲ ਫ਼ਕੀਰ ਸੀ। ਕਿਹਾ ਜਾਂਦਾ ਹੈ ਕਿ ਚਰਵਾਹਾ ਨੇ ਫ਼ਕੀਰ ਨੂੰ ਗਾਂ ਦਾ ਦੁੱਧ ਪੇਸ਼ ਕੀਤਾ ਅਤੇ ਸ਼ੁਕਰਾਨੇ ਵਜੋਂ ਉਸ ਫ਼ਕੀਰ ਨੇ ਲਾਗੇ ਦੇ ਪਹਾੜ ਤੋਂ ਪਾਣੀ ਦਾ ਝਰਨਾ ਖੋਲ੍ਹ ਦਿੱਤਾ ਤਾਂ ਜੋ ਪਾਣੀ ਦੀ ਕਿੱਲਤ ਵਾਲੇ ਸ਼ਹਿਰ ਦੀ ਮਦਦ ਹੋ ਸਕੇ।

ਦਿਲਚਸਪ ਗੱਲ ਇਹ ਹੈ ਕਿ ਸੱਤਵੀਂ ਸਦੀ ਦੇ ਚੀਨੀ ਯਾਤਰੀ ਹਿਊਨ ਸਾਂਗ ਨੇ ਲਿਖਿਆ ਹੈ ਕਿ ਇਹ ਝਰਨਾ ਏਲਾਪਾਤਰਾ ਰਾਜੇ ਦੇ ਦੌਰ ਤੋਂ ਹੈ।

ਹਸਨ ਅਬਦਾਲ ਵਿੱਚ ਪਹਾੜੀ ਦੇ ਸਿਖ਼ਰ ਉੱਤੇ ਅਸੀਂ ਪੰਦਰ੍ਹਵੀਂ ਸਦੀ ਦੇ ਰਾਫੀਜ਼ੀ ਸ਼ੀਆ ਸੂਫ਼ੀ ਸੰਤ ਦੀ ਦਰਗਾਹ ਉੱਤੇ ਜਾ ਰਹੇ ਹਾਂ ਜੋ ਬਾਬਾ ਵਲੀ ਕੰਧਾਰੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

**ਅਮਰਦੀਪ ਸਿੰਘ:** ਬਾਬਾ ਵਲੀ ਕੰਧਾਰੀ ਅਫ਼ਗਾਨਿਸਤਾਨ ਦੇ ਕੰਧਾਰ ਦੇ ਫ਼ਕੀਰ ਸਨ ਜੋ ਹਸਨ ਅਬਦਾਲ ਵਿੱਚ ਆ ਵਸੇ ਸਨ ਅਤੇ ਪਹਾੜੀ ਦੇ ਸਿਖ਼ਰ ਉੱਤੇ ਕਿਆਮ ਕੀਤਾ ਸੀ ਜਿੱਥੇ ਪਾਣੀ ਦਾ ਝਰਨਾ ਸੀ। ਇਹ ਦਰਗਾਹ ਉਨ੍ਹਾਂ ਦੀ ਯਾਦ ਵਿੱਚ ਬਣੀ ਹੈ।

ਦੱਸਿਆ ਜਾਂਦਾ ਹੈ ਕਿ ਪਹਾੜੀ ਦੇ ਸਿਖ਼ਰ ਵਾਲਾ ਝਰਨਾ ਸ਼ਹਿਰ ਲਈ ਨਿਰਮਲ ਪਾਣੀ ਦਾ ਇੱਕੋ-ਇੱਕ ਸਰੋਤ ਸੀ। ਬਾਬਾ ਵਲੀ ਕੰਧਾਰੀ ਪਹਾੜ ਦੇ ਸਿਖ਼ਰ ਉੱਤੇ ਰਹਿੰਦੇ ਸਨ। ਉਹ ਪਾਣੀ ਭਰਨ ਆਏ ਲੋਕਾਂ ਨੂੰ ਤਬਲੀਗ ਕਰਦੇ ਸਨ। ਮੰਦੇਭਾਗੀਂ, ਆਪਣੇ ਪੈਰੋਕਾਰਾਂ ਦੇ ਕਸੀਦੇ ਸੁਣ ਕੇ ਗੁਣਵਾਨ ਰੂਹਾਨੀ ਸ਼ਖ਼ਸ ਹੋਣ ਦੇ ਬਾਵਜੂਦ ਉਨ੍ਹਾਂ ਉੱਤੇ ਹਉਮੈਂ ਸਵਾਰ ਹੋ ਗਈ। ਉਨ੍ਹਾਂ ਨੇ ਆਪਣੀ ਤਬਲੀਗ ਨੂੰ ਨਾ ਮੰਨਣ ਵਾਲਿਆਂ ਨੂੰ ਪਾਣੀ ਭਰਨ ਦੇਣ ਤੋਂ ਇਨਕਾਰ ਕਰ ਦਿੱਤਾ।

ਕਿਹਾ ਜਾਂਦਾ ਹੈ ਕਿ ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਹਸਨ ਅਬਦਾਲ ਪਹੁੰਚੇ ਤਾਂ ਉਨ੍ਹਾਂ ਨੂੰ ਪਿਆਸ ਬੁਝਾਉਣ ਲਈ ਪਾਣੀ ਨਾ ਮਿਲਿਆ। ਜਦੋਂ ਬਾਬਾ ਵਲੀ ਕੰਧਾਰੀ ਉੱਤੇ ਭਾਈ ਮਰਦਾਨਾ ਦੀਆਂ ਪਾਣੀ ਦੇਣ ਦੀਆਂ ਬੇਨਤੀਆਂ ਦਾ ਕੋਈ ਅਸਰ ਨਾ ਹੋਇਆ ਤਾਂ ਗੁਰੂ ਨਾਨਕ ਨੇ ਇੱਕ ਪੱਥਰ ਪਾਸੇ ਹਟਾਇਆ ਜਿਸ ਦੇ ਹੇਠੋਂ ਪਾਣੀ ਦਾ ਸੋਮਾ ਨਿਕਲ ਆਇਆ। ਇਸ ਨਾਲ ਬਾਬਾ ਵਲੀ ਕੰਧਾਰੀ ਗੁੱਸੇ ਵਿੱਚ ਤਪ ਉੱਠੇ। ਗ਼ੈਰ-ਮਹਿਫ਼ੂਜ਼ੀਅਤ ਦੇ ਅਹਿਸਾਸ ਅਤੇ ਆਪਣੀ ਭਰੋਸੋਯਗਤਾ ਨੂੰ ਖੋਰਾ ਲੱਗਣ ਦੇ ਡਰ ਕਾਰਨ ਉਨ੍ਹਾਂ ਨੇ ਪਹਾੜ ਤੋਂ ਇੱਕ ਵੱਡਾ ਪੱਥਰ ਹੇਠਾਂ ਰੋੜ ਦਿੱਤਾ ਜਿਸ ਨੂੰ ਗੁਰੂ ਨਾਨਕ ਨੇ ਆਪਣਾ ਹੱਥ ਉਤਾਂਹ ਚੁੱਕ ਕੇ ਰੋਕ ਦਿੱਤਾ। ਗੁਰਦਵਾਰਾ ਪੰਜਾ ਸਾਹਿਬ ਦੀ ਇਮਾਰਤ ਵਿੱਚ ਪੱਥਰ ਦੇ ਇੱਕ ਪਾਸੇ ਬਣਿਆ ਪੰਜੇ ਦਾ ਨਿਸ਼ਾਨ ਗੁਰੂ ਨਾਨਕ ਦੇ ਹੱਥ ਦਾ ਛਾਪਾ ਮੰਨਿਆ ਜਾਂਦਾ ਹੈ।

ਦਿਲਚਸਪ ਇਹ ਹੈ ਕਿ ਪੁਰਾਣੀਆਂ 'ਜਨਮਸਾਖੀਆਂ' ਵਿੱਚ ਇਸ ਬਿਰਤਾਂਤ ਦਾ ਜ਼ਿਕਰ ਨਹੀਂ ਆਉਂਦਾ। ਇਸ ਦਾ ਜ਼ਿਕਰ ਬਾਅਦ ਵਿੱਚ ਲਿਖੀ ਗਈ 'ਬਾਲਾ ਜਨਮਸਾਖੀ' ਵਿੱਚ ਆਉਂਦਾ ਹੈ।

ਹਸਨ ਅਬਦਾਲ ਵਿੱਚ ਅਹਿਸਨ ਅਲੀ ਨਾਲ ਮੁਲਾਕਾਤ ਆਨੰਦਮਈ ਹੋ ਨਿਬੜੀ ਜੋ ਕਲਾਸੀਕਲ ਗਾਇਕ ਹਨ। ਉਹ ਸਾਡੇ ਨਾਲ ਗੁਰਦਵਾਰਾ ਪੰਜਾ ਸਾਹਿਬ ਗਏ।

**ਅਮਰਦੀਪ ਸਿੰਘ:** ਹਸਨ ਅਬਦਾਲ ਵਿੱਚ ਗੁਰਦਵਾਰਾ ਪੰਜਾ ਸਾਹਿਬ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਇੱਥੇ ਆਉਣ ਅਤੇ ਉਨ੍ਹਾਂ ਦੇ ਬਾਬਾ ਵਲੀ ਕੰਧਾਰੀ ਨਾਲ ਸੰਵਾਦ ਦੀ ਯਾਦ ਵਿੱਚ ਬਣਾਇਆ ਗਿਆ ਸੀ।

ਇਹ ਗੁਰਦਵਾਰਾ ਅਠਾਰਾਂ ਸੌ ਇੱਕੀ ਵਿੱਚ ਹਰੀ ਸਿੰਘ ਨਲਵਾ ਨੇ ਬਣਾਇਆ ਸੀ ਜੋ ਮਹਾਰਾਜਾ ਰਣਜੀਤ ਸਿੰਘ ਦੇ ਨਾਮੀ ਜਰਨੈਲ ਸਨ। ਮੁਕਾਮੀ ਸਿੱਖ ਸੰਗਤ ਨੇ ਉੱਨੀ ਸੌ ਵੀਹਵਿਆਂ ਦੇ ਦੌਰ ਵਿੱਚ ਇਸ ਗੁਰਦਵਾਰੇ

ਦੀ ਇਮਾਰਤ ਦਾ ਵਧਾਰਾ ਕੀਤਾ, ਇੱਕ ਸਕੂਲ ਬਣਾਇਆ ਗਿਆ ਅਤੇ ਬਾਹਰਲੇ ਪਾਸੇ ਦੁਕਾਨਾਂ ਬਣਾਈਆਂ ਗਈਆਂ। ਜਦੋਂ ਉੱਨੀ ਸੌ ਸੰਤਾਲੀ ਵਿੱਚ ਮਜ਼ਹਬੀ ਬੁਨਿਆਦ ਉੱਤੇ ਵੰਡ ਹੋਈ ਤਾਂ ਗੁਰੂ ਨਾਨਕ ਨਾਮਲੇਵਾ ਸੰਗਤ ਹਿਜਰਤ ਕਰ ਕੇ ਹੋਰ ਇਲਾਕਿਆਂ ਵਿੱਚ ਚਲੀ ਗਈ।

ਇਹ ਤਸੱਲੀ ਦੇਣ ਵਾਲਾ ਹੈ ਕਿ ਮੌਜੂਦਾ ਦੌਰ ਵਿੱਚ ਸਕੂਲ ਦੀ ਇਮਾਰਤ ਅਤੇ ਦੁਕਾਨਾਂ ਮੁਕਾਮੀ ਮੁਸਲਮਾਨ ਵਸੋਂ ਦੀਆਂ ਇਲਮ ਅਤੇ ਮਾਇਕ ਜ਼ਰੂਰਤਾਂ ਨੂੰ ਪੂਰਾ ਕਰਨ ਦਾ ਸਬੱਬ ਬਣੀਆਂ ਹਨ।

ਗੁਰਦਵਾਰੇ ਦੇ ਦੁਆਲੇ ਬਣੇ ਇਸ 'ਸਰੋਵਰ' ਦਾ ਪਾਣੀ ਕੁਦਰਤੀ ਝਰਨੇ ਤੋਂ ਆਉਂਦਾ ਹੈ। ਦਸਤੂਰ ਇਹ ਹੈ ਕਿ ਆਉਣ ਵਾਲੀ ਸੰਗਤ ਪੰਜੇ ਦੇ ਨਿਸ਼ਾਨ ਨੂੰ ਸ਼ਰਧਾ ਨਾਲ ਸਪਰਸ਼ ਕਰਦੀ ਹੈ, 'ਸਰੋਵਰ' ਦੇ ਪਾਣੀ ਦੀ ਚੂਲੀ ਲੈਂਦੀ ਹੈ ਅਤੇ ਮੂੰਹ ਉੱਤੇ ਛਿੱਟੇ ਮਾਰਦੀ ਹੈ।

**ਅਮਰਦੀਪ ਸਿੰਘ:** ਮੰਨਿਆ ਜਾਂਦਾ ਹੈ ਕਿ ਹੱਥ ਦਾ ਇਹ ਛਾਪਾ ਗੁਰੂ ਨਾਨਕ ਦਾ ਹੈ। ਮੈਂ ਇਸ ਦੀ ਇੰਝ ਵਿਆਖਿਆ ਕਰਦਾ ਹਾਂ ਕਿ ਪੱਥਰ ਦੀ ਕਠੋਰਤਾ ਮਨੁੱਖਾ ਹਉਮੈ ਨੂੰ ਜ਼ਾਹਿਰ ਕਰਦੀ ਹੈ, ਅਤੇ ਪੱਥਰ ਦੇ ਉੱਤੇ ਲੱਗਿਆ ਹੋਇਆ ਹਥ ਦਾ ਛਾਪਾ ਹਲੀਮੀ ਦੀ ਬਖਸ਼ਿਸ਼ ਨੂੰ ਜ਼ਾਹਿਰ ਕਰਦਾ ਹੈ । ਇਨਾਂ ਨੂੰ ਵੇਖਦੇ ਹੋਏ ਇਹ ਬਾਤ ਮੈਨੂ ਮਨੁਖੇ ਮਨ ਦੀ ਖਵਾਇਸ਼ ਦਾ ਇਹਸਾਸ ਪਾਉਂਦੀ ਹੈ ਜੋ ਹਉਮੈ ਦੀ ਨੀਵੀਂ ਅਤੇ ਹਨੇਰੀ ਥਾ ਤੋਂ ਹਲੀਮੀ ਦੀ ਉਚਾਈ ਅਤੇ ਰੋਸ਼ਨੀ ਤੱਕ ਪਹੁੰਚਣ ਦੀ ਲਾਲਸਾ ਕਰਦੀ ਹੈ।

ਨਾਨਕ ਬੇੜੀ ਸਚ ਕੀ ਤਰੀਐ ਗੁਰ ਵੀਚਾਰਿ॥
ਇਕਿ ਆਵਹਿ ਇਕਿ ਜਾਵਹੀ ਪੂਰਿ ਭਰੇ ਅਹੰਕਾਰਿ॥
ਮਨਹਠਿ ਮਤੀ ਬੂਡੀਐ ਗੁਰਮੁਖਿ ਸਚੁ ਸੁ ਤਾਰਿ॥
(ਸਿਰੀ ਰਾਗ, ਗੁਰੂ ਨਾਨਕ)

ਨਾਨਕ ਨੇ ਫ਼ਰਮਾਇਆ ਕਿ ਤੈਨੂੰ ਸੱਚ ਦੀ ਬੇੜੀ ਪਾਰ ਲੰਘਾਏਗੀ ਸੋਚ-ਵਿਚਾਰ ਅਤੇ ਆਤਮ ਪੜਚੋਲ ਕਰੋ।
ਹਉਮੈ ਵਿੱਚ ਭਰਿਆ ਹੋਇਆ ਕੋਈ ਆਉਂਦਾ ਹੈ ਅਤੇ ਕੋਈ ਜਾਂਦਾ ਹੈ।
ਹਠ ਧਾਰੀਆਂ ਦੀ ਮੱਤ ਮਾਰੀ ਜਾਂਦੀ ਹੈ। ਰੂਹਾਨੀ ਸੂਝ ਵਾਲਾ ਮਨੁੱਖ ਸੱਚੇ ਵਿਵੇਕ ਦੀ ਪ੍ਰਾਪਤੀ ਰਾਹੀਂ ਤਰ ਜਾਂਦਾ ਹੈ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਦੇ ਇਸ ਸ਼ਬਦ ਅਤੇ ਪਥਰ ਉੱਤੇ ਲੱਗੇ ਪੰਜੇ ਦੇ ਨਿਸ਼ਾਨ ਦੀ ਕਹਾਣੀ ਦੇ ਹਵਾਲੇ ਨਾਲ ਅਹਿਸਨ ਦੀ ਸਮਝ ਇਹ ਦ੍ਰਿੜ੍ਹ ਕਰਵਾਉਂਦੀ ਹੈ ਕਿ ਜੇ ਕੋਈ ਰੂਹਾਨੀ ਸ਼ਬਦਾਂ ਦੀ ਡੂੰਘਾਈ ਨੂੰ ਸਮਝਣ ਦਾ ਉਪਰਾਲਾ ਕਰਦਾ ਹੈ ਤਾਂ ਫ਼ਲਸਫ਼ੇ ਦਾ ਸੱਚਾ ਅਸਲਾ ਉੱਘੜ ਕੇ ਸਾਹਮਣੇ ਆ ਜਾਂਦਾ ਹੈ।

ਮੇਰੀ ਨਿਮਾਣੀ ਰਾਇ ਹੈ ਕਿ ਗੁਰੂ ਨਾਨਕ ਨੇ ਬਾਬਾ ਵਲੀ ਕੰਧਾਰੀ ਅਤੇ ਬਾਸ਼ਿੰਦਿਆਂ ਵਿੱਚ ਪਾਣੀ ਦੇ ਝਗੜੇ ਉੱਤੇ 'ਗੁਰ ਵਿਚਾਰ' ਰਾਹੀਂ ਸਲਾਹ ਦਿੱਤੀ ਹੋਵੇਗੀ।

ਇਸ ਪੱਥਰ ਉੱਤੇ ਪੰਜੇ ਦਾ ਹਲਕਾ ਛਾਪਾ ਤਬਦੀਲੀ ਦੀ ਤਸ਼ਬੀਹੀ ਨੁਮਾਇੰਦਗੀ ਹੈ ਜਿਸ ਤਹਿਤ ਮਨੁੱਖ ਦੇ ਸੁਭਾਅ ਦੀ ਬੇਰੁਖ਼ੀ ਤਬਦੀਲ ਹੋ ਕੇ ਹਮਦਿਲੀ ਹੋ ਜਾਂਦੀ ਹੈ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਹਸਨ ਅਬਦਾਲ ਤੋਂ ਜਿਹਲਮ ਜ਼ਿਲ੍ਹੇ ਵਿੱਚ ਟਿੱਲਾ ਜੋਗੀਆਂ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਹਸਨ ਅਬਦਾਲ ਤੋਂ ਟਿੱਲਾ ਜੋਗੀਆਂ ਜਾ ਰਹੇ ਹਾਂ।

ਗੁਰੂ ਨਾਨਕ ਦੇ ਮਾਣ-ਸਤਿਕਾਰ ਵਿੱਚ ਜਿਹਲਮ ਜ਼ਿਲ੍ਹੇ ਦੇ ਜਗੀਰਦਾਰ, ਜਨਾਬ ਤਾਲਿਬ ਆਪਣੀ ਗੱਡੀ ਵਿੱਚ ਸਾਨੂੰ ਟਿੱਲਾ ਜੋਗੀਆਂ ਲੈ ਕੇ ਗਏ ਜਿੱਥੇ ਕੱਚੇ ਪਹਾੜੀ ਰਾਹਾਂ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ।

**ਅਮਰਦੀਪ ਸਿੰਘ:** ਤਾਲਿਬ, ਤੁਹਾਡਾ ਸਾਨੂੰ ਇੱਥੇ ਟਿੱਲਾ ਜੋਗੀਆਂ ਤੱਕ ਲਿਆਉਣ ਲਈ ਸ਼ੁਕਰੀਆ। ਇਹ ਸਾਡੇ ਲਈ ਬਹੁਤ ਮਾਅਨੇ ਰੱਖਦਾ ਹੈ। ਸਾਨੂੰ ਉੱਥੇ ਜਾਣ ਲਈ ਕਿੰਨਾ ਕੁ ਸਮਾਂ ਲੱਗਣ ਵਾਲਾ ਹੈ?

**ਨਵਾਬਜ਼ਾਦਾ ਤਾਲਿਬ ਮਹਿਦੀ:** ਇਹ ਸਫ਼ਰ ਤਾਂ ਜ਼ਿਆਦਾ ਲੰਮਾ ਨਹੀਂ। ਇਹ ਤਕਰੀਬਨ ਵੀਹ ਤੋਂ ਪੱਚੀ ਕਿਲੋਮੀਟਰ ਦਾ ਸਫ਼ਰ ਹੈ। ਇਹ ਰਾਹ ਬਹੁਤ ਉਬੜ-ਖਾਬੜ ਹੈ। ਇਲਾਕਾ ਚਿਕੜ ਵਾਲਾ ਅਤੇ ਪਥਰੀਲਾ ਹੈ। ਸਾਨੂੰ ਸ਼ਿਖ਼ਰ ਉੱਤੇ ਜਾਣ ਲਈ ਸਾਢੇ ਤਿੰਨ-ਚਾਰ ਘੰਟੇ ਲੱਗਣਗੇ।

ਟਿੱਲਾ ਜੋਗੀਆਂ, ਪਹਿਲੀ ਸਦੀ ਦਾ ਹਿੰਦੂ ਮੰਦਿਰ ਅਤੇ ਭਿਕਸ਼ੂ ਵਿਹਾਰ ਸਮੁੰਦਰ ਤਲ ਤੋਂ ਬੱਤੀ ਸੌ ਫ਼ੁੱਟ ਦੀ ਉਚਾਈ ਉੱਤੇ ਹੈ। ਇਹ ਨਮਕ ਵਾਲੇ ਇਲਾਕੇ ਵਿੱਚ ਪੋਠੋਹਾਰ ਪਠਾਰ ਦੀ ਸਭ ਤੋਂ ਉੱਚੀ ਚੋਟੀ ਉੱਤੇ ਬਣਿਆ ਹੈ। ਕਿਹਾ ਜਾਂਦਾ ਹੈ ਕਿ ਸਦੀਆਂ ਤੋਂ ਹਿੰਦੂ ਅਤੇ ਮੁਸਲਮਾਨ ਫ਼ਕੀਰ ਇਨ੍ਹਾਂ ਪਹਾੜਾਂ ਦੀ ਇਕੱਲਤਾ ਵਿੱਚ ਵਾਸ ਕਰਦੇ ਸਨ।

**ਅਮਰਦੀਪ ਸਿੰਘ:** ਦੋ ਹਜ਼ਾਰ ਸਾਲਾਂ ਤੋਂ ਵੱਧ ਸਮੇਂ ਤੋਂ, ਅਤੇ ੧੯੪੭ ਤੱਕ, ਜਦੋਂ ਬਰੇ-ਸਗੀਰ ਦੀ ਇੰਡੀਆ ਅਤੇ ਪਾਕਿਸਤਾਨ ਵਿੱਚ ਵੰਡ ਹੋਈ ਤਾਂ, ਟਿੱਲਾ ਜੋਗੀਆਂ ਤੇ, ਗੁਰੂ ਗੋਰਖਨਾਥ ਦੇ ਪੈਰੋਕਾਰਾਂ ਦਾ ਵਸੇਬ ਸੀ, ਜਿਨ੍ਹਾਂ ਨੂੰ 'ਕਨਪਟੇ ਜੋਗੀ' ਕਹਿੰਦੇ ਸਨ। ਫ਼ਕੀਰ ਖਿੰਡ ਗਏ ਅਤੇ ਨਵੀਂ ਧਰਤੀ ਨੂੰ ਕੂਚ ਕਰ ਗਏ।

ਇਹ ਉਜਾੜ ਅਤੇ ਖੰਡਰ ਇਸ ਆਲੀਸ਼ਾਨ ਇਮਾਰਤ ਦੇ ਸ਼ਾਨਦਾਰ ਇਤਿਹਾਸ ਦੀਆਂ ਨਿਸ਼ਾਨੀਆਂ ਹਨ।

**ਅਮਰਦੀਪ ਸਿੰਘ:**

ਕੰਨੀਂ ਮੁੰਦਰਾਂ ਪਾ ਕੇ, ਮੱਥੇ ਤਿਲਕ ਲਗਾ ਕੇ। ਮੈਂ ਜਾਣਾ ਜੋਗੀ ਦੇ ਨਾਲ।

ਮੈਂ ਕੰਨਾਂ ਵਿੱਚ ਮੁੰਦਰਾਂ ਪਾ ਕੇ ਅਤੇ ਮੱਥੇ ਤਿਲਕ ਲਗਾ ਕੇ ਜੋਗੀ ਦੇ ਨਾਲ ਜਾਣਾ ਹੈ।

ਟਿੱਲਾ ਜੋਗੀਆਂ ਦਾ ਜ਼ਿਕਰ ਪੰਜਾਬੀ ਸੂਫ਼ੀ ਸ਼ਾਇਰੀ ਵਿੱਚ ਆਉਂਦਾ ਹੈ। ਜਦੋਂ ਰਾਂਝੇ ਨੂੰ ਆਪਣੀ ਮਹਿਬੂਬ ਹੀਰ ਨਾ ਮਿਲੀ ਤਾਂ ਉਸ ਨੂੰ ਟਿੱਲੇ ਉੱਤੇ ਵਸਦੇ 'ਕਨਫਟੇ ਜੋਗੀਆਂ' ਦੀ ਢੋਈ ਮਿਲੀ ਅਤੇ ਉਸ ਨੇ ਟਿੱਲੇ ਉੱਤੇ ਜਾ ਕੇ ਕਨ ਪੜਵਾ ਲਏ।

ਮੰਦੇਭਾਗੀਂ 'ਹੀਰ ਰਾਂਝਾ' ਦੀ ਲੋਕ-ਕਥਾ ਨੂੰ ਗ਼ਲਤ ਸਮਝਿਆ ਗਿਆ ਹੈ ਕਿਉਂਕਿ ਇਸ ਨੂੰ ਨਾਮਨਜ਼ੂਰ ਪਿਆਰ ਦੀ ਦਰਦਨਾਕ ਕਹਾਣੀ ਮੰਨ ਲਿਆ ਗਿਆ ਹੈ। ਜਦੋਂ ਇਸ ਦੀਆਂ ਤਸ਼ਬੀਹੀ ਰਮਜ਼ਾਂ ਫਰੋਲੀਆਂ ਜਾਂਦੀਆਂ ਹਨ ਤਾਂ ਇਸ ਵਿੱਚੋਂ ਸਮਾਜਿਕ ਨੇਮਾਂ ਦੀ ਬੁਨਿਆਦ ਹਿਲਾਉਣ ਵਾਲੀ ਸੋਚ ਉਜਾਗਰ ਹੁੰਦੀ ਹੈ। 'ਰਾਂਝਾ' ਆਜ਼ਾਦ-ਖ਼ਿਆਲ ਨਾਇਕ ਹੈ ਜੋ ਸਮਾਜ ਅਤੇ ਮਜ਼ਹਬ ਦੀਆਂ ਬੇੜੀਆਂ ਤੋੜ ਕੇ ਹੀਰ ਨਾਲ ਇੱਕ ਹੋ ਜਾਣ ਵਾਲੀ ਰੂਹ ਦੀ ਨੁਮਾਇੰਦਗੀ ਕਰਦਾ ਹੈ। ਹੀਰ ਬੇਖ਼ੌਫ਼ ਨਾਇਕਾ ਹੈ ਜੋ ਖ਼ੁਦਾਈ ਦੀ ਸ਼ਾਨੋ-ਸ਼ੌਕਤ ਦੀ ਨੁਮਾਇੰਦਗੀ ਕਰਦੀ ਹੈ।

**ਅਮਰਦੀਪ ਸਿੰਘ:** ਭਾਈ ਗੁਰਦਾਸ ਆਪਣੀ ਵਾਰ ਵਿੱਚ ਲਿਖਦੇ ਹਨ।

ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ।
ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ।
(ਭਾਈ ਗੁਰਦਾਸ)

ਰਾਂਝਾ ਅਤੇ ਹੀਰ ਮੁਕੰਮਲ ਪਿਆਰ ਅਤੇ ਲਗਨ ਦੀ ਨੁਮਾਇੰਦਗੀ ਕਰਦੇ ਹਨ।
ਇਹ ਪੀਰ ਅਤੇ ਮੁਰੀਦ ਦੇ ਰਿਸ਼ਤੇ ਵਾਂਗ ਹੈ ਜੋ ਸਦਾ ਇਤਫ਼ਾਕ ਵਿੱਚ ਰਹਿੰਦਾ ਹੈ।
(ਭਾਈ ਗੁਰਦਾਸ)

ਚੇਲੇ ਦੇ ਗੁਰੂ ਨਾਲ ਪਿਆਰ ਦਾ ਬਿਆਨੀਆ ਰਾਂਝੇ ਦੇ ਹੀਰ ਨਾਲ ਪਿਆਰ ਵਜੋਂ ਦਿੱਤਾ ਗਿਆ ਹੈ।

**ਰਾਜਾ ਵੱਕਾਰ:** ਟਿੱਲਾ ਜੋਗੀਆਂ ਦੀ ਹਰ ਦੌਰ ਵਿੱਚ ਆਪਣੀ ਅਹਿਮੀਅਤ ਰਹੀ ਹੈ। ਇੱਥੇ ਅਲੈਗਜ਼ੈਂਡਰ ਤੋਂ ਲੈ ਕੇ ਮੁਖ਼ਤਲਿਫ਼, ਅਦਬਾਤ ਵਿੱਚ ਸਿਕੰਦਰਿ-ਆਜ਼ਮ, ਜ਼ਹੀਰੁਦੀਨ ਬਾਬਰ, ਉਹ ਵੀ ਟਿੱਲਾ ਦੇ ਇਸ ਮੁਕਾਮ, ਜਿਸ ਜਗ੍ਹਾਂ ਉੱਤੇ ਅਸੀਂ ਅੱਜ ਖੜ੍ਹੇ ਹਾਂ, ਇੱਥੇ ਉਹ ਵੀ ਆਏ। ਬਾਬਾ ਗੁਰੂ ਨਾਨਕ ਜੀ, ਉਹ ਵੀ ਇੱਥੇ ਆਏ। ਇੱਥੇ ਜੋਗੀ ਮਜ਼ਹਬ ਦਾ ਜਿਹੜਾ ਸਿਲਸਿਲਾ ਸੀ, ਉਹ ਵੀ ਬੜਾ ਮਹਿਫ਼ੂਜ਼ ਸੀ।

ਪਹਾੜ ਦੀ ਇਸ ਚੋਟੀ ਉੱਤੇ ਤੀਰਥ ਯਾਤਰੀਆਂ ਅਤੇ ਅਦਬੀ ਲੋਕਾਂ ਦਾ ਆਉਣ-ਜਾਣ ਆਮ ਸੀ ਜਿਸ ਕਾਰਨ ਸੰਗਤ ਨਾਲ ਗੋਸ਼ਟਿ ਕਰਨ ਗੁਰੂ ਨਾਨਕ ਟਿੱਲਾ ਜੋਗੀਆਂ ਆਏ ਸਨ।

**ਅਮਰਦੀਪ ਸਿੰਘ:** ਜਦੋਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਟਿੱਲਾ ਜੋਗੀਆਂ ਪਹੁੰਚੇ ਤਾਂ ਉਨ੍ਹਾਂ ਦਾ ਸੁਆਗਤ ਬਾਬਾ ਬਾਲ ਨਾਥ ਨੇ ਕੀਤਾ। ਬਾਬਾ ਬਾਲ ਨਾਥ ਨੇ ਗੁਰੂ ਨਾਨਕ ਨੂੰ ਪੁੱਛਿਆ ਕਿ ਉਨ੍ਹਾਂ ਦਾ ਗੁਰੂ ਕੌਣ ਹੈ ਅਤੇ ਉਨ੍ਹਾਂ ਦਾ ਰਾਹ ਕਿਹੜਾ ਹੈ। ਗੁਰੂ ਨਾਨਕ ਨੇ ਜੁਆਬ ਦਿੱਤਾ,

ਸਿਧ ਸਾਧਿਕ ਜੋਗੀ ਅਰੁ ਜੰਗਮ ਏਕੁ ਸਿਧੁ ਜਿਨੀ ਧਿਆਇਆ॥
(ਰਾਗ ਰਾਮਕਲੀ, ਗੁਰੂ ਨਾਨਕ)

ਉਹ ਸਿੱਧ, ਸਾਧਿਕ, ਜੋਗੀ, ਜੰਗਮ ਅਤੇ ਜ਼ਿਆਰਤੀ ਹਨ ਜੋ ਵਹਿਦਤ ਦਾ ਧਿਆਨ ਧਰਦੇ ਹਨ।
(ਗੁਰੂ ਨਾਨਕ)

ਗੁਰੂ ਨਾਨਕ ਨੇ ਸੰਗਤ ਨਾਲ ਗੋਸ਼ਟਿ ਦੌਰਾਨ ਰੂਹਾਨੀ ਅਗਵਾਈ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ ਜੋ ਆਤਮ ਪੜਚੋਲ, ਵਿਵੇਕ ਦੇ ਅਹਿਸਾਸ ਜਾਂ ਕਿਸੇ ਗੁਰੂ ਰਾਹੀਂ ਮਿਲ ਸਕਦੀ ਹੈ। ਉਨ੍ਹਾਂ ਨੇ ਜ਼ੋਰ ਦਿੱਤਾ ਕਿ ਰੂਹਾਨੀ ਇਲਮ ਗ੍ਰਹਿਸਤ ਜੀਵਨ ਜਿਉਂਦੇ ਹੋਏ ਵੀ ਹਾਸਿਲ ਕੀਤਾ ਜਾ ਸਕਦਾ ਹੈ। ਇਹ ਸਿਰਫ਼ ਆਪਣੇ-ਆਪ ਨੂੰ ਇਕੱਲਤਾ ਵਿੱਚ ਰੱਖ ਕੇ ਹੀ ਹਾਸਿਲ ਨਹੀਂ ਹੁੰਦਾ।

ਹਮ ਡੋਲਤ ਬੇੜੀ ਪਾਪ ਭਰੀ ਹੈ ਪਵਣੁ ਲਗੈ ਮਤੁ ਜਾਈ॥
ਸਨਮੁਖ ਸਿਧ ਭੇਟਣ ਕਉ ਆਏ ਨਿਹਚਉ ਦੇਹਿ ਵਡਿਆਈ॥
ਗੁਰ ਤਾਰਿ ਤਾਰਣਹਾਰਿਆ॥
ਦੇਹਿ ਭਗਤਿ ਪੂਰਨ ਅਵਿਨਾਸੀ ਹਉ ਤੁਝ ਕਉ ਬਲਿਹਾਰਿਆ॥
(ਰਾਗ ਰਾਮਕਲੀ, ਗੁਰੂ ਨਾਨਕ)

ਮੇਰੀ ਪਾਪਾਂ ਨਾਲ ਭਰੀ ਮਨ ਦੀ ਬੇੜੀ ਡੋਲ ਰਹੀ ਹੈ। ਇੰਦਰੀਆਂ ਰੂਪੀ ਹਵਾ ਦੇ ਵਹਾਅ ਨਾਲ ਮੇਰੀ ਬਿਰਤੀ ਚੌਪਾਸੀਂ ਖਿੰਡੀ ਹੈ।
ਰੂਹਾਨੀ ਤੌਰ ਉੱਤੇ ਜਾਗਰੂਕ ਮਨੁੱਖ ਅੱਗੇ ਆਉਂਦਾ ਹੈ। ਵਿਵੇਕ ਦੀ ਵਡਿਆਈ ਹਾਸਿਲ ਕਰਨ ਅਤੇ ਇਸ ਤੋਂ ਸੇਧ ਲੈਣ ਲਈ।
ਸੱਚਾ ਵਿਵੇਕ ਹਨੇਰੇ ਤੋਂ ਰੌਸ਼ਨੀ ਦੀ ਤਬਦੀਲੀ ਵਿੱਚ ਸਹਾਈ ਹੁੰਦਾ ਹੈ।
ਹੇ ਹਾਜ਼ਰਾ-ਹਜ਼ੂਰ, ਮੈਨੂੰ ਭਗਤੀ ਨਾਲ ਨਿਵਾਜੋ ਮੈਂ ਤੁਹਾਡੀ ਹਾਜ਼ਰਾ-ਹਜ਼ੂਰੀ ਤੋਂ ਸਭ ਕੁਝ ਬਲਿਹਾਰ ਕਰਦਾ ਹਾਂ।
(ਰਾਗ ਰਾਮਕਲੀ, ਗੁਰੂ ਨਾਨਕ)

ਭਾਈ ਕਾਹਨ ਸਿੰਘ ਨਾਭਾ ਨੇ 'ਗੁਰਸ਼ਬਦ ਰਤਨਾਕਾਰ' ਵਿੱਚ ਲਿਖਿਆ ਹੈ ਕਿ ਗੁਰੂ ਨਾਨਕ ਦੇ ਆਦਰ-ਮਾਣ ਵਿੱਚ 'ਜੋਗੀਆਂ' ਨੇ ਟਿੱਲਾ ਜੋਗੀਆਂ ਵਿੱਚ ਉਨ੍ਹਾਂ ਦੇ ਆਉਣ ਦੀ ਯਾਦਗਾਰ ਬਣਾਈ ਸੀ।

**ਸੂਫ਼ੀ ਨਾਜ਼ੇਰ ਬਾਬਾ:** ਉਸ ਜ਼ਮਾਨੇ ਵਿੱਚ ਮਲੰਗ, ਜੋਗੀ, ਇਸ ਟਿੱਲੇ ਤੇ ਇਕੱਠੇ ਰਹਿੰਦੇ ਸੀ। ਅੱਲਾਹ ਦੀ ਨਜ਼ਰ ਵਿੱਚ, ਸਾਰੇ ਇੱਕੋ ਹੀ ਨੇ।

ਅਸੀਂ ਟਿੱਲਾ ਜੋਗੀਆਂ ਪਹਾੜੀ ਦੇ ਪੈਰਾਂ ਵਿੱਚ ਉਜਾੜ ਪਏ ਗੁਰਦਵਾਰੇ ਨੂੰ ਜਾ ਰਹੇ ਹਾਂ ਜੋ ਘਾਣ ਨਾਲਾ ਦੇ ਕਿਨਾਰੇ ਬਣਿਆ ਹੈ।

**ਅਮਰਦੀਪ ਸਿੰਘ:** 'ਜੋਗੀਆਂ' ਨਾਲ ਟਿੱਲਾ ਜੋਗੀਆਂ ਵਿੱਚ ਗੋਸ਼ਟਿ ਕਰਨ ਤੋਂ ਬਾਅਦ ਅੱਗੇ ਚਾਲੇ ਪਾਉਣ ਤੋਂ ਪਹਿਲਾਂ ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਇਸ ਅਸਥਾਨ ਉੱਤੇ ਆਰਾਮ ਕੀਤਾ ਜਿੱਥੇ ਪਾਣੀ ਦਾ ਕੁਦਰਤੀ ਝਰਨਾ ਵਗਦਾ ਸੀ। ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਕਿਆਮ ਕਰਨ ਦੀ ਯਾਦ ਵਿੱਚ ਗੁਰਦਵਾਰਾ ਚੋਆ ਬਾਬਾ ਗੁਰੂ ਨਾਨਕ ਬਣਾਇਆ ਗਿਆ। ਇਹ ਅਸਥਾਨ ਰੋਹਤਾਸ ਕਿਲ੍ਹੇ ਦੇ ਲਾਗੇ ਹੈ।

ਸੰਨ ਉੱਨੀ ਸੌ ਸੰਤਾਲੀ ਦੀ ਵੰਡ ਤੋਂ ਪਹਿਲਾਂ ਇਸ ਗੁਰਦਵਾਰੇ ਵਿੱਚ ਵਿਸਾਖੀ ਦੇ ਮੌਕੇ ਸਾਲਾਨਾ ਸੰਗਤ ਜੁੜਦੀ ਸੀ ਅਤੇ ਫ਼ਸਲ ਦਾ ਪੰਜਾਬੀ ਤਿਉਹਾਰ ਮਨਾਉਂਦੀ ਸੀ। ਸਾਰੇ ਮਜ਼ਹਬਾਂ ਦੇ ਲੋਕ ਵਿਸਾਖੀ ਮਨਾਉਣ ਇਸ ਸਤਾਈ ਏਕੜ ਜ਼ਮੀਨ ਉੱਤੇ ਆਉਂਦੇ ਸਨ ਜੋ ਇਸ ਅਸਥਾਨ ਦਾ ਹਿੱਸਾ ਸੀ। ਸੰਨ ਉੱਨੀ ਸੌ ਸੰਤਾਲੀ ਤੋਂ ਬਾਅਦ ਇਹ ਅਸਥਾਨ ਉਜਾੜ ਹੋ ਗਿਆ ਅਤੇ ਕਈ ਸਾਲਾਂ ਤੱਕ ਇੱਥੇ ਕੋਈ ਯਾਤਰੀ ਨਹੀਂ ਆਇਆ।

**ਸ਼ਕੀਲ ਅਹਿਮਦ:** ਮੈਂ ਜਿਹਲਮ ਸ਼ਹਿਰ ਦਾ ਰਹਿਣ ਵਾਲਾ ਹਾਂ। ਸ਼ਕੀਲ ਮੇਰਾ ਨਾਂ ਹੈ। ਦਾਦੀ ਮੇਰੀ, ਉਹ ਬੜੀ ਸਮਝਦਾਰ ਸੀ। ਗੁਰੂ ਨਾਨਕ ਸਾਹਿਬ ਦੇ ਬਾਰੇ ਦੱਸਦੀ ਹੁੰਦੀ ਸੀ ਕਿ ਇੱਥੋਂ ਉਨ੍ਹਾਂ ਦਾ ਗੁਜ਼ਰ, ਆਉਣਾ ਜਾਣਾ ਰਹਿੰਦਾ ਹੁੰਦਾ ਸੀ। ਕਦੇ ਵੱਡੇ ਵਡੇਰਿਆਂ ਤੋਂ ਸੁਣਿਆ ਸੀ। ਉਹ ਸ਼ੇਅਰ ਸੀਨਾ ਬਸੀਨਾ ਚਲਿਆ ਆ ਰਿਹਾ ਹੈ, ਜਿਹੜਾ ਮੈਂ ਵੀ ਸੁਣਾਉਂਦਾ ਹਾਂ,

ਇਕੋ ਸਵਰੀਐ ਨਾਨਕਾ, ਜੋ ਜਲ ਥਲ ਰਵੇ ਸਮਾਏ।
ਉਸ ਕੋ ਕਾਹੇ ਕੋ ਪੂਜੀਐ, ਜੋ ਜਮੇ ਤੇ ਮਰ ਜਾਏ।

ਸੋ ਅੱਗੇ ਵੀ ਤਸਦੀਲ ਵਾਸਤੇ ਕਿਸੇ ਨੂੰ ਸੁਣਾਈ ਦਾ, ਤੇ ਰੂਹ ਤਾਜ਼ੀ ਰਹਿੰਦੀ ਹੈ।

ਜਦੋਂ ਸੰਨ ੨੦੧੯ ਵਿੱਚ ਗੁਰੂ ਨਾਨਕ ਦਾ ਪੰਜ ਸੌ ਪੰਜਾਹਵਾਂ ਜਨਮ ਦਿਹਾੜਾ ਦੁਨੀਆ ਭਰ ਵਿੱਚ ਮਨਾਇਆ ਗਿਆ ਤਾਂ ਲਾਹੌਰ ਦੀ ਨੌਜਵਾਨ ਇਮਾਰਤਸਾਜ਼ ਰੂਬਾਬ ਚਿਸ਼ਤੀ ਨੇ ਆਪਣੀ ਟੋਲੀ ਬਣਾ ਕੇ ਰਵਾਇਤੀ ਸਾਜ਼ੋ-ਸਾਮਾਨ ਦਾ ਇਸਤੇਮਾਲ ਕਰਦੇ ਹੋਏ ਇਸ ਗੁਰਦੁਵਾਰੇ ਦੀ ਮੁਰੰਮਤ ਸ਼ੁਰੂ ਕੀਤੀ। ਇਹ ਦਿਲ ਨੂੰ ਟੁੰਭਦਾ ਹੈ ਕਿ ਇਹ ਅਸਥਾਨ ਇਸ ਇਲਾਕੇ ਦੀਆਂ ਬਰਾਦਰੀਆਂ ਵਿੱਚ ਇਤਫ਼ਾਕ ਵਧਾਉਣ ਦਾ ਸਬੱਬ ਬਣੇਗਾ।

**ਰੁਬਾਬ ਫ਼ਾਤਿਮਾ ਚਿਸ਼ਤੀ:** ਇਸ ਗੁਰਦਵਾਰੇ ਦੀ ਤਾਰੀਖ਼ ਅਤੇ ਬਾਬਾ ਨਾਨਕ ਬਾਰੇ ਸੋਚਦੇ ਹੋਏ ਮੈਂ ਬਾਬਾ ਨਾਨਕ ਅਤੇ ਬਾਬਾ ਫ਼ਰੀਦ ਦੇ ਪੁਰਖਲੂਸ ਰਿਸ਼ਤੇ ਦੀਆਂ ਤੈਹਾਂ ਫਰੋਲਣ ਲੱਗੀ। ਇਸ ਪ੍ਰੋਜੈਕਟ ਦਾ ਪੂਰਾ ਸਫ਼ਰ ਸਾਡੇ ਲਈ ਰਹਿਮਤ ਸੀ। ਮੈਨੂੰ ਗੁਰੂ ਨਾਨਕ ਦਾ ਕਲਾਮ ਯਾਦ ਆਇਆ ਹੈ,

ਸਾਚੁ ਰਿਦੈ ਸਚੁ ਪ੍ਰੇਮ ਨਿਵਾਸ ॥
ਪ੍ਰਣਵਤਿ ਨਾਨਕ ਹਮ ਤਾ ਕੇ ਦਾਸ ॥
(ਗੁਰੂ ਨਾਨਕ)

ਇਮਾਨ ਭਰੇ ਦਿਲਾਂ ਵਿੱਚ ਸੱਚੀ ਮੁਹੱਬਤ ਵਸਦੀ ਹੈ।
ਨਾਨਕ ਹਲੀਮੀ ਨਾਲ ਆਖਦੇ ਹਨ ਕਿ ਮੈਂ ਉਨ੍ਹਾਂ ਦਾ ਨਿਮਾਣਾ ਸੇਵਕ ਹਾਂ।
(ਗੁਰੂ ਨਾਨਕ)

ਬਾਬਾ ਨਾਨਕ ਕਹਿੰਦੇ ਹਨ ਕਿ ਜਿਨ੍ਹਾਂ ਦੇ ਦਿਲਾਂ ਵਿੱਚ ਸੱਚ ਅਤੇ ਸੱਚੀ ਮੁਹੱਬਤ ਹੈ, ਮੈਂ ਉਨ੍ਹਾਂ ਦਾ ਸੇਵਾਦਾਰ ਹਾਂ।

ਮੈਂ ਮਹਿਸੂਸ ਕਰਦੀ ਹਾਂ ਕਿ ਮੈਂ ਸਿੰਧ ਦਰਿਆ ਵਾਲੀ ਇਸ ਸੱਭਿਅਤਾ ਦੇ ਇਨ੍ਹਾਂ ਰੂਹਾਨੀ ਪੀਰਾਂ ਅਤੇ ਸੰਤਾਂ ਦੀ ਨੌਕਰ ਹਾਂ ਜਿਨ੍ਹਾਂ ਨੇ ਮਨੁੱਖੀ ਇਤਫ਼ਾਕ ਵਧਾਉਣ ਲਈ ਪਿਆਰ ਦਾ ਸੁਨੇਹਾ ਦਿੰਦੇ ਹੋਏ ਆਪਣੀਆਂ ਜ਼ਿੰਦਗੀਆਂ ਲਗਾ ਦਿੱਤੀਆਂ।

ਕਿਲ੍ਹੇ, ਗੁਰਦਵਾਰੇ ਅਤੇ ਟਿੱਲਾ ਜੋਗੀਆਂ ਦੀਆਂ ਵੱਡੀਆਂ ਵਿਰਾਨ ਇਮਾਰਤਾਂ ਇਸ ਇਲਾਕੇ ਦੀ ਲੰਘੇ ਦੌਰ ਦੀ ਸਿਆਸੀ ਤਾਕਤ ਅਤੇ ਇਸ ਦੀਆਂ ਰੂਹਾਨੀ ਪ੍ਰਾਪਤੀਆਂ ਦੀਆਂ ਨਿਸ਼ਾਨੀਆਂ ਹਨ।

ਸਮਾਜ ਕਾਮਯਾਬੀਆਂ ਦੇ ਪੈਮਾਨੇ ਵਜੋਂ ਦੌਲਤ, ਸ਼ੁਹਰਤ, ਰੁਤਬੇ ਅਤੇ ਤਾਕਤ ਨੂੰ ਅਹਿਮ ਮੰਨਦਾ ਹੈ। ਕੀ ਇਨ੍ਹਾਂ ਮਾਪਦੰਡਾਂ ਨਾਲ ਸੱਚੀਆਂ ਪ੍ਰਾਪਤੀਆਂ ਨੂੰ ਨਾਪਿਆ ਜਾ ਸਕਦਾ ਹੈ?

ਮਨੁ ਚੰਚਲੁ ਬਿਧਿ ਨਾਹੀ ਜਾਣੈ॥
ਮਨਮੁਖਿ ਮੈਲਾ ਸਬਦੁ ਨ ਪਛਾਣੈ॥
(ਰਾਗ ਆਸਾ, ਗੁਰੂ ਨਾਨਕ)

ਚੰਚਲ ਮਨ ਬਿਧ ਤੋਂ ਅਣਜਾਣ ਹੈ।
ਮੈਲ ਨਾਲ ਭਰੇ ਮਨਮੁਖ ਤੋਂ ਵਿਵੇਕ ਦੀ ਪਛਾਣ ਨਹੀਂ ਹੁੰਦੀ।
(ਰਾਗ ਆਸਾ, ਗੁਰੂ ਨਾਨਕ)

ਗੁਰੂ ਨਾਨਕ ਨੇ ਆਪਣੇ ਸ਼ਬਦਾਂ ਵਿੱਚ 'ਮਨ' ਲਫ਼ਜ਼ ਦਾ ਇਸਤੇਮਾਲ ਕੀਤਾ ਹੈ ਜਿਸ ਦਾ ਮਾਅਨਾ ਦਿਮਾਗ਼ ਜਾਂ ਦਿਲ ਸਮਝਿਆ ਜਾਂਦਾ ਹੈ। ਇੰਡੀਕ ਰਵਾਇਤ ਵਿੱਚ ਇਸ ਦਾ ਮਾਅਨਾ ਸ਼ਊਰ ਅਤੇ ਹਉਮੈਂ ਦਾ ਮਿਲਗੋਭਾ

ਹੈ ਜੋ ਫ਼ੈਸਲਾ ਕਰਨ ਵਾਲਾ ਕਾਰਕ ਹੈ। ਗੁਰੂ ਨਾਨਕ ਨੇ ਆਖਿਆ ਕਿ ਸੱਚੀ ਪ੍ਰਾਪਤੀ ਤਾਂ 'ਮਨ' ਦੀ ਇਖ਼ਲਾਕੀ ਸਾਲਸ ਵਜੋਂ ਪਹਿਰੇਦਾਰੀ ਕਰਨਾ ਹੈ ਤਾਂ ਜੋ ਉਸਾਰੂ ਸੋਚ ਤੋਂ ਕਿਸੇ ਹੋਰ ਪਾਸੇ ਨਾ ਭਟਕੇ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਟਿੱਲਾ ਜੋਗੀਆਂ ਤੋਂ ਪੂਰਬੀ ਪਾਸੇ ਨੂੰ ਸਿਆਲਕੋਟ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਜਿਹਲਮ ਅਤੇ ਚਿਨਾਬ ਨਦੀਆਂ ਪਾਰ ਕਰ ਕੇ ਹੁਣ ਅਸੀਂ ਟਿੱਲਾ ਜੋਗੀਆਂ ਤੋਂ ਸਿਆਲਕੋਟ ਜਾ ਰਹੇ ਹਾਂ।
ਸਿਆਲਕੋਟ ਪਾਕਿਸਤਾਨ ਦਾ ਸਨਅਤ ਅਤੇ ਸੌਦਾਗਰੀ ਦਾ ਮਰਕਜ਼ ਹੈ। ਇਹ ਵੰਨ-ਸਵੰਨੇ ਹੁਕਮਰਾਨ ਅਤੇ ਮਜ਼ਹਬਾਂ ਦਾ ਗਵਾਹ ਰਿਹਾ ਹੈ। ਸਿਆਲਕੋਟ ਦਾ ਜ਼ਿਕਰ ਮਦਰਾ ਸਲਤਨਤ ਦੀ ਰਾਜਧਾਨੀ ਵਜੋਂ ਆਉਂਦਾ ਹੈ ਜਿਸ ਦੀ ਬੁਨਿਆਦ ਬਾਦਸ਼ਾਹ ਸਲਯਾ ਨੇ ਰੱਖੀ ਸੀ ਜੋ 'ਕੌਰਵਾਂ' ਦੀ ਫ਼ੌਜ ਦਾ ਜਰਨੈਲ ਸੀ। ਮਹਾਂਭਾਰਤ ਦੇ ਮਹਾਂਕਾਵਿ ਵਿੱਚ ਕੌਰਵ ਸੌ ਭਰਾ ਸਨ। ਮਿਸਲ ਖ਼ਾਨਿਆਂ ਵਿੱਚ ਪਏ ਦਸਤਾਵੇਜ਼ ਦਰਸਾਉਂਦੇ ਹਨ ਕਿ ਜਦੋਂ ਮਹਾਨ ਸਿਕੰਦਰ ਨੇ ਦੂਜੀ ਸਦੀ ਈਸਾ ਪੂਰਵ ਵਿੱਚ ਸਿੰਧੂ ਵਾਲੇ ਇਲਾਕੇ ਉੱਤੇ ਹਮਲਾ ਕੀਤਾ ਤਾਂ ਸਿਆਲਕੋਟ ਦੀ ਪਛਾਣ ਸਗਲਾ ਵਜੋਂ ਸੀ।

ਅਸੀਂ ਸਿਆਲਕੋਟ ਵਿੱਚ ਗੁਰਦਵਾਰਾ ਬਾਬੇ ਦੀ ਬੇਰ ਜਾ ਰਹੇ ਹਾਂ।

**ਅਮਰਦੀਪ ਸਿੰਘ:** ਸਿਆਲਕੋਟ ਵਿੱਚ ਪਹੁੰਚ ਕੇ ਗੁਰੂ ਨਾਨਕ ਨੇ ਬੇਰ ਦੇ ਦਰਖਤ ਹੇਠ ਆਰਾਮ ਕੀਤਾ ਸੀ। ਇਸ ਅਸਥਾਨ ਉੱਤੇ ਗੁਰੂ ਨਾਨਕ ਦੇ ਆਉਣ ਦੀ ਯਾਦ ਵਿੱਚ ਗੁਰਦਵਾਰਾ ਬਾਬੇ ਦੀ ਬੇਰ ਬਣਾਇਆ ਗਿਆ ਸੀ।

ਗੁਰੂ ਨਾਨਕ ਦਾ ਫ਼ਲਸਫ਼ਾ ਕਾਇਨਾਤੀ ਹੈ। ਇਹ ਜਦੋਂ ਸਮਝ ਆਉਂਦਾ ਹੈ ਤਾਂ ਵੰਨ-ਸਵੰਨੇ ਮਜ਼ਹਬਾਂ ਵਾਲੇ ਲੋਕਾਂ ਦੇ ਦਿਲ ਨੂੰ ਟੁੰਬਦਾ ਹੈ। ਇਹ ਤਖ਼ਤੀ ਗਵਾਹੀ ਭਰਦੀ ਹੈ ਕਿ ਦਾਤਾ ਰਾਮ ਨਾਮ ਦੇ ਹਿੰਦੂ ਨੇ ਇਸ ਅਸਥਾਨ ਦੀ ਸੇਵਾ ਵਿੱਚ ਖੁੱਲ੍ਹਦਿਲੀ ਨਾਲ ਹਿੱਸਾ ਪਾਇਆ। ਇਸ ਉਜਾੜ ਸਰੋਵਰ ਦੀਆਂ ਕੰਧਾਂ ਉੱਤੇ ਗੁਰੂ ਨਾਨਕ ਦਾ ਵਹਿਦਤ ਦਾ ਸੁਨੇਹਾ, ੧ੳ ਲਿਖਿਆ ਹੈ। ਇਹ ਸਰੋਵਰ ਕਦੇ ਗੁਰਦਵਾਰਾ ਬਾਬੇ ਦੀ ਬੇਰ ਦੀ ਇਮਾਰਤ ਦੀ ਹਦੂਦ ਵਿੱਚ ਸੀ। ਮਜ਼ਹਬ ਦੀ ਬੁਨਿਆਦ ਉੱਤੇ ਹੋਈ ਉੱਨੀ ਸੌ ਸੰਤਾਲੀ ਦੀ ਬਰੇ-ਸਗੀਰ ਦੀ ਵੰਡ ਤੋਂ ਬਾਅਦ ਹਿੰਦੂ ਅਤੇ ਸਿੱਖ ਬਰਾਦਰੀਆਂ ਇੱਥੋਂ ਉਜੜ ਗਈਆਂ ਤਾਂ ਇਹ ਗੁਰਦਵਾਰਾ ਮੁਰੰਮਤ ਖੁਣੋਂ ਖੰਡਰ ਹੋ ਗਿਆ।

ਇਸ ਤੋਂ ਬਾਅਦ ਅੱਲਾ ਮੁਹੰਮਦ ਨਾਮ ਦੇ ਮੁਹਾਜਿਰ ਨੇ ਗੁਰਦਵਾਰੇ ਦੀ ਹਦੂਦ ਵਿੱਚ ਪਨਾਹ ਲਈ। ਉਹ ਰੂਹਾਨੀ ਝੁਕਾਅ ਵਾਲੇ ਮਨੁੱਖ ਸਨ ਅਤੇ ਸਮੇਂ ਨਾਲ ਉਨ੍ਹਾਂ ਦੀ ਚੋਖੀ ਮਾਨਤਾ ਹੋ ਗਈ। ਉਨ੍ਹਾਂ ਦੇ ਚਲਾਣੇ ਤੋਂ ਬਾਅਦ ਉਨ੍ਹਾਂ ਦੇ ਸ਼ਰਧਾਲੂਆਂ ਨੇ ਉਨ੍ਹਾਂ ਨੂੰ ਗੁਰਦਵਾਰੇ ਦੀ ਹਦੂਦ ਵਿੱਚ ਦਫ਼ਨਾ ਦਿੱਤਾ। ਹਾਲੀਆ ਸਾਲਾਂ ਵਿੱਚ ਹੀ ਸਰਕਾਰ ਅਤੇ ਸਿਆਲਕੋਟ ਜ਼ਿਲ੍ਹੇ ਦੀ ਨਿਗੂਣੀ ਜਿਹੀ ਸਿੱਖ ਅਤੇ ਹਿੰਦੂ ਆਬਾਦੀ ਦੀ ਇਮਦਾਦ ਨਾਲ ਇਸ ਗੁਰਦਵਾਰੇ ਦੀ ਮਰਕਜ਼ੀ ਇਮਾਰਤ ਦੀ ਮੁਰੰਮਤ ਕੀਤੀ ਗਈ ਹੈ। ਹੁਣ ਇਸ ਗੁਰਦਵਾਰੇ ਵਿੱਚ ਸੇਵਾ ਬਹਾਲ ਹੋ ਗਈ ਹੈ।

ਗੁਰਦਵਾਰਾ ਬਾਬੇ ਦੀ ਬੇਰ ਦੇ ਸੇਵਾਦਾਰ ਅਕਾਸ਼ ਸਿੰਘ ਸਾਨੂੰ ਲਾਗੇ ਦੇ ਕਬਰਸਤਾਨ ਲੈ ਕੇ ਗਏ ਜੋ ਪੀਰ ਹਮਜ਼ਾ ਗੌਂਸ ਦੀ ਯਾਦਗਾਰ ਦੀ ਹਦੂਦ ਵਿੱਚ ਪੈਂਦਾ ਹੈ।

**ਅਮਰਦੀਪ ਸਿੰਘ:** ਗੁਰੂ ਨਾਨਕ ਨੂੰ ਆਪਣੇ ਸਿਆਲਕੋਟ ਦੇ ਕਿਆਮ ਦੌਰਾਨ ਪੀਰ ਹਮਜ਼ਾ ਗੌਂਸ ਨਾਮ ਦੇ ਮਹਿਬੂਬ ਸੂਫ਼ੀ ਸੰਤ ਬਾਰੇ ਪਤਾ ਲੱਗਿਆ। ਪੀਰ ਨੇ ਚਾਲੀ ਦਿਨ ਤਪ ਕਰਨ ਲਈ ਆਪਣੇ-ਆਪ ਨੂੰ ਇਸੇ ਅਸਥਾਨ ਉੱਤੇ ਤਾਲਾਬੰਦ ਕਰ ਲਿਆ ਸੀ।

'ਚਿੱਲਾ' ਸ਼ੱਬਦ ਹਿੰਦਸੇ ਚਾਲੀ ਤੋਂ ਬਣਿਆ ਹੈ। ਇਹ ਮੰਨਿਆ ਜਾਂਦਾ ਹੈ ਕਿ ਆਦਤ ਨੂੰ ਤੋੜਨ ਲਈ ਵੀਹ ਦਿਨ ਲਗਦੇ ਹਨ ਅਤੇ ਵੀਹ ਦਿਨ ਹੀ ਨਵੀਂ ਆਦਤ ਪਾਉਣ ਲਈ ਲਗਦੇ ਹਨ। ਰੂਹਾਨੀ ਇਜ਼ਾਫ਼ੇ ਦੀ ਆਸ ਨਾਲ ਕਈ ਮਜ਼ਹਬਾਂ ਵਿੱਚ ਚਾਲੀ ਦਿਨ ਦੇ ਤਪ ਦਾ ਦਸਤੂਰ ਹੈ। ਇਸ ਦਸਤੂਰ ਦੀ ਸਿਫ਼ਾਰਿਸ਼ ਤਾਂ ਚਰਿੱਤਰ ਦੀ ਉਸਾਰੀ ਲਈ ਕੀਤੀ ਗਈ ਸੀ ਪਰ ਇਸ ਵਿੱਚੋਂ ਉਸਾਰੂ ਇਰਾਦਾ ਮਨਫ਼ੀ ਹੋ ਗਿਆ। ਇਹ ਮਜ਼ਹਬੀ ਕਰਮ-ਕਾਂਡ ਵਾਲੇ ਅਮਲ ਵਜੋਂ ਸਾਹਮਣੇ ਆਇਆ ਤਾਂ ਇਸ ਤਪ ਨੂੰ ਤੋੜ ਨਿਭਾਉਣ ਵਾਲੇ ਕੁਝ ਸ਼ਰਧਾਲੂਆਂ ਵਿੱਚ ਹਉਮੈਂ ਘਰ ਕਰਨ ਲੱਗੀ।

ਗੁਰੂ ਨਾਨਕ ਨੇ ਰੂਹਾਨੀ ਗੋਸ਼ਟਿ ਦੌਰਾਨ ਤਫ਼ਸੀਲ ਦਿੱਤੀ ਕਿ ਵਰਤ ਅਤੇ ਪਰਹੇਜ਼ ਵਰਗੇ ਕਰਮ-ਕਾਂਡ ਨਾਲ ਮਨ ਅਤੇ ਦਿਲ ਵਿੱਚ ਰਹਿਮਦਿਲੀ ਦਾ ਵਾਸਾ ਨਹੀਂ ਹੋ ਜਾਂਦਾ। ਜੇ ਢਾਹੂ ਸੋਚਾਂ ਤੋਂ ਪਰਹੇਜ਼ ਕੀਤਾ ਜਾਵੇ ਤਾਂ ਹਉਮੈਂ ਦੀ ਭੁੱਖ ਮਿਟ ਜਾਂਦੀ ਹੈ।

**ਅਮਰਦੀਪ ਸਿੰਘ:** ਜਦੋਂ ਗੁਰੂ ਨਾਨਕ ਦੀ ਪੀਰ ਨਾਲ ਮੁਲਾਕਾਤ ਹੋਈ ਤਾਂ ਉਨ੍ਹਾਂ ਨੇ ਉਨ੍ਹਾਂ ਨੂੰ ਕਿਹਾ,

ਵਰਤੁ ਤਪਨੁ ਕਰਿ ਮਨੁ ਨਹੀ ਭੀਜੈ॥
(ਗੁਰੂ ਨਾਨਕ)

ਵਰਤ ਅਤੇ ਤਪ ਨਾਲ ਮਨ ਨਹੀਂ ਭਿੱਜਦਾ।
(ਗੁਰੂ ਨਾਨਕ)

ਬੁਨਿਆਦੀ ਤੌਰ ਉੱਤੇ ਇਸ ਦਾ ਇਹੋ ਮਾਅਨਾ ਹੈ ਕਿ ਦਿਲ ਵਿੱਚ ਰਹਿਮ ਦਾ ਵਾਸਾ ਤਪ ਨਾਲੋਂ ਜ਼ਿਆਦਾ ਅਹਿਮ ਹੈ।

ਆਕਾਸ਼ ਸਿੰਘ ਹੁਣ ਸਾਨੂੰ ਗੁਰਦਵਾਰਾ ਮੂਲਾ ਖੱਤਰੀ ਲਿਜਾ ਰਹੇ ਹਨ।

**ਅਮਰਦੀਪ ਸਿੰਘ:** ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਟੋਲੀ ਵਜੋਂ ਲੋਕਾਂ ਨੂੰ ਡੂੰਘਾ ਸੁਨੇਹਾ ਪਹੁੰਚਾਉਣ ਦਾ ਕਾਰਜ ਬਹੁਤ ਖ਼ੂਬਸੂਰਤੀ ਨਾਲ ਕੀਤਾ। ਸਿਆਲਕੋਟ ਵਿੱਚ ਗੁਰੂ ਨਾਨਕ ਨੇ ਭਾਈ ਮਰਦਾਨਾ ਨੂੰ ਦੋ ਪੈਸੇ ਦਿੱਤੇ ਅਤੇ ਉਨ੍ਹਾਂ ਨੂੰ ਸੱਚ ਅਤੇ ਝੂਠ ਖ਼ਰੀਦ ਕੇ ਲਿਆਉਣ ਲਈ ਕਿਹਾ। ਭਾਈ ਮਰਦਾਨਾ ਸਾਰੇ ਬਾਜ਼ਾਰ ਵਿੱਚ ਗਏ

ਤਾਂ ਹਰ ਕੋਈ ਬੌਂਦਲ ਗਿਆ। ਜਦੋਂ ਉਹ ਮੂਲਾ ਖੱਤਰੀ ਦੀ ਦੁਕਾਨ ਉੱਤੇ ਗਏ ਤਾਂ ਮੂਲਾ ਖੱਤਰੀ ਨੇ ਕਾਗ਼ਜ਼ ਉੱਤੇ ਲਿਖ ਦਿੱਤਾ, "ਮੌਤ ਸੱਚ ਹੈ। ਜ਼ਿੰਦਗੀ ਝੂਠ ਹੈ।"

ਮੂਲਾ ਖੱਤਰੀ ਦਾ ਜੁਆਬ ਗੁਰੂ ਨਾਨਕ ਦੀ ਸੋਚ ਨਾਲ ਮੇਲ਼ ਖਾਂਦਾ ਸੀ। ਉਨ੍ਹਾਂ ਦੇ ਸੰਜੀਦਾ ਜੁਆਬ ਤੋਂ ਪ੍ਰਸੰਨ ਹੋ ਕੇ ਗੁਰੂ ਨਾਨਕ ਨੇ ਸ਼ਬਦ ਗਾਇਆ,

ਜਿਉ ਆਇਆ ਤਿਉ ਜਾਵਹਿ ਬਉਰੇ ਜਿਉ ਜਨਮੇ ਤਿਉ ਮਰਣੁ ਭਇਆ॥
ਜਿਉ ਰਸ ਭੋਗ ਕੀਏ ਤੇਤਾ ਦੁਖੁ ਲਾਗੈ ਨਾਮੁ ਵਿਸਾਰਿ ਭਵਜਲਿ ਪਇਆ॥
ਤਨੁ ਧਨੁ ਦੇਖਤ ਗਰਬਿ ਗਇਆ॥
ਕਨਿਕ ਕਾਮਨੀ ਸਿਉ ਹੇਤੁ ਵਧਾਇਹਿ ਕੀ ਨਾਮੁ ਵਿਸਾਰਹਿ ਭਰਮਿ ਗਇਆ॥
(ਰਾਗ ਰਾਮਕਲੀ, ਗੁਰੂ ਨਾਨਕ)

ਓ ਬੌਰਿਆ, ਤੂੰ ਜਿਵੇਂ ਆਇਆ ਹੈਂ, ਤੈਂ ਉਸੇ ਤਰ੍ਹਾਂ ਜਾਣਾ ਹੈ। ਜਿਵੇਂ ਤੂੰ ਪੈਦਾ ਹੋਇਆ ਸੈਂ, ਉਸੇ ਤਰ੍ਹਾਂ ਮਰ ਜਾਣਾ ਹੈ।
ਜਿਸ ਤਰ੍ਹਾਂ ਤੂੰ ਸੁੱਖ ਭੋਗ ਰਿਹਾ ਹੈਂ, ਉਸੇ ਤਰ੍ਹਾਂ ਦੁੱਖ ਭੋਗਣੇ ਪੈਣੇ ਹਨ। ਜੇ ਤੂੰ ਆਤਮ-ਪੜਚੋਲ ਦਾ ਪੱਲਾ ਛੱਡ ਦੇਵੇਂਗਾ ਤਾਂ ਭਵਜਲ ਵਿੱਚ ਫਸ ਜਾਵੇਂਗਾ।
ਤੂੰ ਆਪਣੀ ਦੇਹ ਅਤੇ ਦੌਲਤ ਦਾ ਮਾਣ ਕਰਦਾ ਹੈਂ।
ਤੇਰਾ ਪਦਾਰਥ ਦਾ ਪਿਆਰ ਅਤੇ ਲਾਲਸਾ ਵਧਦੀ ਜਾਣੀ ਹੈ। ਆਤਮ ਪੜਚੋਲ ਨੂੰ ਵਿਸਾਰ ਕੇ ਤੂੰ ਭਰਮ ਵਿੱਚ ਘਿਰ ਜਾਣਾ ਹੈ।
(ਰਾਗ ਰਾਮਕਲੀ, ਗੁਰੂ ਨਾਨਕ)

ਮੂਲਾ ਖੱਤਰੀ ਨੇ ਵੀ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੀ ਮਹਿਮਾਨ ਨਿਵਾਜ਼ੀ ਕੀਤੀ।

ਮੂਲਾ ਖੱਤਰੀ ਨਾਲ ਗੁਰੂ ਨਾਨਕ ਦੀ ਸਾਂਝ ਦੀ ਯਾਦ ਵਿੱਚ ਬਣਿਆ ਗੁਰਦਵਾਰਾ ਉੱਨੀ ਸੌ ਸੰਤਾਲੀ ਦੀ ਵੰਡ ਵਿੱਚ ਉਜਾੜ ਹੋ ਗਿਆ ਸੀ। ਦਿਲਚਸਪ ਗੱਲ ਇਹ ਹੈ ਕਿ ਹੁਣ ਇਸ ਗੁਰਦਵਾਰੇ ਵਿੱਚ ਨਾਬੀਨਾ ਵਿਦਿਆਰਥੀਆਂ ਲਈ ਸਕੂਲ ਚਲਦਾ ਹੈ।

ਮੈਂ ਮਹਿਸੂਸ ਕਰਦਾ ਹਾਂ ਕਿ ਭਾਵੇਂ ਮੈਂ ਅੱਖਾਂ ਨਾਲ ਦੇਖ ਸਕਦਾ ਹਾਂ ਪਰ ਰੂਹਾਨੀ ਪੱਖੋਂ ਨਾਬੀਨਾ ਹਾਂ।

ਮੈ ਅੰਧੁਲੇ ਨਾਮੁ ਨ ਵੀਸਰੈ ਟੇਕ ਟਿਕੀ ਘਰਿ ਜਾਉ॥
(ਸਿਰੀਰਾਗ, ਗੁਰੂ ਨਾਨਕ)

ਮੈਂ ਨਾਬੀਨਾ ਹਾਂ। ਮੈਂ ਆਤਮ-ਪੜਚੋਲ ਦਾ ਰਾਹ ਕਦੇ ਨਾ ਭੁੱਲਾਂ! ਇਸੇ ਦੀ ਹਿਫ਼ਾਜ਼ਤ ਵਿੱਚ ਮਨੁੱਖ ਟੇਕ ਨਾਲ
ਆਪਣੇ ਘਰ ਵਾਸ ਕਰਦਾ ਹੈ।

---

(ਸਿਰੀ ਰਾਗ, ਗੁਰੂ ਨਾਨਕ)

ਸਫ਼ਰ ਮਨੁੱਖੀ ਦੀ ਤਰੱਕੀ ਦਾ ਬਿਹਤਰੀਨ ਜ਼ਰੀਆ ਹੈ ਬਸ਼ਰਤੇ ਸੰਗੀਆਂ ਦਾ ਝੁਕਾਅ ਰੂਹਾਨੀ ਹੋਵੇ। ਮੂਲਾ ਖੱਤਰੀ ਨੇ ਕੁਝ ਦਿਨ ਸਿਆਲਕੋਟ ਤੋਂ ਅੱਗੇ ਦੇ ਸਫ਼ਰ ਵਿੱਚ ਗੁਰੂ ਨਾਨਕ ਅਤੇ ਭਾਈ ਮਰਦਾਨਾ ਦਾ ਸੰਗ ਕੀਤਾ।

ਗੁਰੂ ਨਾਨਕ, ਭਾਈ ਮਰਦਾਨਾ ਅਤੇ ਮੂਲਾ ਖੱਤਰੀ ਨੇ ਸਿਆਲਕੋਟ ਤੋਂ ਪਸਰੂਰ ਦਾ ਸਫ਼ਰ ਕੀਤਾ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਸਿਆਲਕੋਟ ਤੋਂ ਪਸਰੂਰ ਜਾ ਰਹੇ ਹਾਂ ਜੋ ਸਿਆਲਕੋਟ ਜ਼ਿਲ੍ਹੇ ਵਿੱਚ ਹੈ।ਪਸਰੂਰ ਵਿੱਚ ਅਸੀ ਗੁਰੂ ਨਾਨਕ ਅਤੇ ਫ਼ਕੀਰ ਮੀਆਂ ਮਿੱਠਾ ਦੀ ਮੁਲਾਕਾਤ ਦੀ ਯਾਦ ਵਿੱਚ ਬਣੇ ਅਸਥਾਨ ਉੱਤੇ ਜਾ ਰਹੇ ਹਾਂ।

ਦੱਸਿਆ ਜਾਂਦਾ ਹੈ ਕਿ ਮੀਆਂ ਮਿੱਠਾ ਸ਼ਹਿਰ ਦੇ ਸਤਿਕਾਰਯੋਗ ਰੂਹਾਨੀ ਸ਼ਖ਼ਸ ਸਨ। ਉਹ ਗੁਰੂ ਨਾਨਕ ਅਤੇ ਭਾਈ ਮਰਦਾਨਾ ਦੇ ਆਉਣ ਦੀ ਖ਼ਬਰ ਸੁਣ ਕੇ ਉਨ੍ਹਾਂ ਨੂੰ ਮਿਲਣ ਪਹੁੰਚੇ। ਗੋਸ਼ਟਿ ਦੌਰਾਨ ਉਨ੍ਹਾਂ ਨੇ ਗੁਰੂ ਨਾਨਕ ਨੂੰ ਪੁੱਛਿਆ ਕਿ ਜੇ ਤੇਲ ਤੋਂ ਬਿਨਾਂ ਦੀਵਾ ਨਹੀਂ ਜਗ ਸਕਦਾ ਤਾਂ ਪੈਗ਼ੰਬਰ ਤੋਂ ਬਿਨਾਂ ਮੁਕਤੀ ਕਿਵੇਂ ਮਿਲ ਸਕਦੀ ਹੈ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥
ਸਚੁ ਬੂਝਣੁ ਆਣਿ ਜਲਾਈਐ॥
ਇਹੁ ਤੇਲੁ ਦੀਵਾ ਇਉ ਜਲੈ॥
ਕਰਿ ਚਾਨਣੁ ਸਾਹਿਬ ਤਉ ਮਿਲੈ॥
(ਸਿਰੀ ਰਾਗ, ਗੁਰੂ ਨਾਨਕ)

ਪੋਥੀਆਂ ਵਿੱਚੋਂ ਵਿਵੇਕ ਦੀ ਕਮਾਈ ਕਰੋ। ਆਪਣੇ ਜਿਸਮ ਵਿੱਚ ਸੰਜਮ ਨੂੰ ਗਿਆਨ ਦੀ ਬੱਤੀ ਬਣਾਓ।
ਸੱਚ ਬੁੱਝਣ ਲਈ ਆਪਣੇ ਅੰਦਰ ਅੱਗ ਬਾਲੋ।
ਸੋਚ-ਵਿਚਾਰ ਦੇ ਤੇਲ ਨਾਲ ਵਿਵੇਕ ਦਾ ਦੀਵਾ ਜਗਾਓ।
ਆਪਣੇ ਆਪ ਨੂੰ ਰੌਸ਼ਨ ਕਰ ਕੇ ਤੁਸੀਂ ਸਰਬ-ਵਿਆਪਕ ਨੂੰ ਮਿਲ ਸਕਦੇ ਹੋ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਦਾ ਯਕੀਨ ਸੀ ਕਿ ਸੱਚੇ ਕਰਮ, ਹਾਜ਼ਰਾ-ਹਜ਼ੂਰ ਦੀ ਅਕੀਦਤ ਵਿੱਚ ਕੀਤੇ ਅਮਲ ਹਨ। ਉਨ੍ਹਾਂ ਨੇ ਆਪਣੇ ਸ਼ਬਦ ਵਿੱਚ ਕਿਹਾ ਹੈ ਕਿ ਗ੍ਰੰਥ ਪੜ੍ਹਨਾ ਸਹਾਈ ਹੁੰਦਾ ਹੈ ਅਤੇ ਰੂਹਾਨੀ ਰਹਿਬਰ ਫ਼ਾਇਦੇਮੰਦ ਹੈ ਪਰ ਸਭ ਤੋਂ ਅਹਿਮ ਚੰਗੇ ਵਿਹਾਰ ਵਾਲੇ ਗੁਣ ਹਨ ਜੋ ਦੀਵੇ ਸਮਾਨ ਹਨ, ਜਿਨ੍ਹਾਂ ਦੀ ਰੌਸ਼ਨੀ ਮਨੁੱਖ ਦੀ ਆਪਣੀ ਅਤੇ ਦੂਜਿਆਂ ਦੀ ਰੂਹ ਰੌਸ਼ਨ ਕਰਦੀ ਹੈ।

ਸੰਨ ਉੱਨੀ ਸੋ ਸੰਤਾਲੀ ਦੀ ਵੰਡ ਵਿੱਚ ਸਿੱਖ ਅਤੇ ਹਿੰਦੂ ਪਾਕਿਸਤਾਨ ਤੋਂ ਹਿਜਰਤ ਕਰ ਗਏ ਅਤੇ ਇਹ ਗੁਰਦਵਾਰਾ ਮੁਰੰਮਤ ਖੁਣੋਂ ਖੰਡਰ ਹੋ ਗਿਆ। ਹੁਣ ਉਸ ਇਮਾਰਤ ਦਾ ਕੁਝ ਹਿੱਸਾ ਹੀ ਬਚਿਆ ਹੈ।

ਆਲਮੀ ਭਾਈਚਾਰਾ ਸਾਰੇ ਮਜ਼ਹਬੀ ਫ਼ਲਸਫ਼ਿਆਂ ਦਾ ਬੁਨਿਆਦੀ ਖ਼ਾਸਾ ਹੈ ਪਰ ਇਤਿਹਾਸ ਵਿੱਚ ਦਰਜ ਹੈ ਕਿ ਸਿਆਸੀ ਲਾਲਸਾਵਾਂ ਨੇ ਮਜ਼ਹਬਾਂ ਦੇ ਨਾਮ ਉੱਤੇ ਹੀ ਵੰਡੀਆਂ ਪਾਈਆਂ ਗਈਆਂ ਹਨ।

ਊਦ ਬਿਲਾਵ ਵਿੱਚ ਨਿਰਾਲੀ ਖ਼ਸੂਸੀਅਤ ਹੁੰਦੀ ਹੈ। ਉਹ ਆਪਣੇ ਇਲਾਕੇ ਦੀ ਨਿਸ਼ਾਨਦੇਹੀ ਆਪਣੇ ਜਿਸਮ ਦੀ ਮਹਿਕ ਨਾਲ ਗੁੰਨ੍ਹੀ ਮਿੱਟੀ ਦੀਆਂ ਮਹਿਕਦਾਰ ਖੰਦਕਾਂ ਬਣਾ ਕੇ ਕਰਦਾ ਹੈ। ਮਨੁੱਖ ਅੰਦਰ ਵੀ ਖ਼ੁਦਾਈ ਵਿਵੇਕ ਦੀ ਮਹਿਕ ਨਿਹਿਤ ਹੈ ਪਰ ਊਦ ਬਿਲਾਵ ਵਾਂਗ ਮਨੁੱਖ ਆਪਣੀਆਂ ਵੰਡੀਆਂ ਦੀ ਨਿਸ਼ਾਨਦੇਹੀ ਪਛਾਣ ਦੀਆਂ ਹੱਦਾਂ ਉਸਾਰ ਕੇ ਕਰਦੇ ਹਨ।

ਗੁਰੂ ਨਾਨਕ ਨੇ ਆਖਿਆ ਕਿ ਆਤਮ ਪੜਚੋਲ ਦੀ ਰਹਿਮਤ ਨਾਲ ਹਉਮੈਂ ਦੀਆਂ ਖੰਦਕਾਂ ਢਹਿ ਜਾਂਦੀਆਂ ਹਨ ਅਤੇ ਇਤਫ਼ਾਕ ਦੀ ਸਦੀਵੀ ਮਹਿਕ ਭਰ ਜਾਂਦੀ ਹੈ।

ਕਰਿ ਕਿਰਪਾ ਘਰੁ ਮਹਲੁ ਦਿਖਾਇਆ॥
ਨਾਨਕ ਹਉਮੈ ਮਾਰਿ ਮਿਲਾਇਆ॥
(ਰਾਗ ਗਉੜੀ, ਗੁਰੂ ਨਾਨਕ)

ਉਸ ਦੀ ਕਿਰਪਾ ਨਾਲ ਮਨੁੱਖ ਨੂੰ ਆਪਣੇ ਅੰਦਰਲੇ ਅਲੌਕਿਕ ਘਰ ਦਾ ਅਹਿਸਾਸ ਹੁੰਦਾ ਹੈ।
ਨਾਨਕ ਨੇ ਫ਼ਰਮਾਇਆ ਕਿ ਹਉਮੈ ਨੂੰ ਮਾਰ ਕੇ ਮਨੁੱਖ ਦਾ ਆਪਣੇ-ਆਪ ਨਾਲ ਮੇਲ਼ ਹੁੰਦਾ ਹੈ।
(ਰਾਗ ਗਉੜੀ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਨੇ ਮੂਲਾ ਖੱਤਰੀ ਸਮੇਤ ਪਸਰੂਰ ਤੋਂ ਤਲਵੰਡੀ ਨੂੰ ਚਾਲੇ ਪਾ ਦਿੱਤੇ ਜੋ ਉਨ੍ਹਾਂ ਦਾ ਆਪਣਾ ਕਸਬਾ ਸੀ ਅਤੇ ਹੁਣ ਨਨਕਾਣਾ ਸਾਹਿਬ ਵਜੋਂ ਜਾਣਿਆ ਜਾਂਦਾ ਹੈ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਹੁਣ ਅਸੀਂ ਪਸਰੂਰ ਤੋਂ ਨਨਕਾਣਾ ਸਾਹਿਬ ਜਾ ਰਹੇ ਹਾਂ।

ਗੁਰੂ ਨਾਨਕ ਅਤੇ ਭਾਈ ਮਰਦਾਨਾ ਆਪਣੀ ਦੂਜੀ ਉਦਾਸੀ ਪੂਰੀ ਕਰ ਕੇ ਤਲਵੰਡੀ ਪਰਤੇ ਸਨ। ਪਹਿਲੀ ਉਦਾਸੀ ਦੇ ਮੁਕੰਮਲ ਹੋਣ ਅਤੇ ਤੀਜੀ ਉਦਾਸੀ ਦੇ ਸ਼ੁਰੂ ਹੋਣ ਦੇ ਤਿਕੋਣੀ ਹਿਸਾਬ ਨਾਲ ਅੰਦਾਜ਼ਾ ਹੁੰਦਾ ਹੈ ਕਿ ਦੂਜੀ ਉਦਾਸੀ ਚਾਰ ਸਾਲ ਵਿੱਚ ਮੁਕੰਮਲ ਹੋਈ ਹੋਵੇਗੀ। ਦੂਜੀ ਉਦਾਸੀ ਅੰਦਾਜ਼ਨ ਪੰਦਰ੍ਹਾਂ ਸੌ ਸਤਾਰਾਂ ਈਸਵੀ ਵਿੱਚ ਸ਼ੁਰੂ ਹੋਈ ਅਤੇ ਪੰਦਰ੍ਹਾਂ ਸੌ ਵੀਹ ਈਸਵੀ ਵਿੱਚ ਮੁਕੰਮਲ ਹੋਈ ਜਦੋਂ ਗੁਰੂ ਨਾਨਕ ਦੀ ਉਮਰ ਇਕਵੰਜਾ ਸਾਲ ਸੀ।

ਗੁਰੂ ਨਾਨਕ ਦੀ ਮਾਤਾ ਤ੍ਰਿਪਤਾ ਇੰਨੇ ਸਮੇਂ ਬਾਅਦ ਆਪਣੇ ਬੱਚੇ ਨੂੰ ਦੇਖ ਕੇ ਬਹੁਤ ਖ਼ੁਸ਼ ਸਨ। ਉਨ੍ਹਾਂ ਦੀ ਇੱਛਾ ਸੀ ਕਿ ਆਪਣੇ ਪਿਆਰ ਦੇ ਇਜ਼ਹਾਰ ਵਜੋਂ ਉਨ੍ਹਾਂ ਦੇ ਪਸੰਦੀਦਾ ਪਕਵਾਨ ਬਣਾ ਕੇ ਉਨ੍ਹਾਂ ਨੂੰ ਖਵਾਉਣ।

ਗੁਰੂ ਨਾਨਕ ਨੇ ਆਪਣੇ ਸਫ਼ਰ ਦੌਰਾਨ ਰੂਹਾਨੀ ਪਕਵਾਨਾਂ ਦਾ ਸੁਆਦ ਲਿਆ ਸੀ। ਉਹ ਸੰਤੋਖ ਨਾਲ ਰੱਜ ਚੁੱਕੇ ਸਨ ਅਤੇ ਦੁਨਿਆਵੀ ਸੁਆਦਾਂ ਦੀ ਲਾਲਸਾ ਖ਼ਤਮ ਹੋ ਗਈ ਸੀ। ਉਨ੍ਹਾਂ ਦੀ ਰੂਹ ਨੂੰ ਸੰਤੋਖ ਅਤੇ ਸਮਾਜਿਕ ਇਤਫ਼ਾਕ ਦੀ ਖ਼ੁਰਾਕ ਦਾ ਸੁਆਦ ਭਾਅ ਗਿਆ ਸੀ ਅਤੇ ਉਹ ਉਹੀ ਭਾਲਦੇ ਸਨ।

ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥
ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ॥
(ਸਿਰੀ ਰਾਗ, ਗੁਰੂ ਨਾਨਕ)

ਓ ਬਾਬਾ ਸੁਣੋ, ਦੁਨੀਆਵੀ ਸੁਆਦਾਂ ਦੀ ਖ਼ੁਸ਼ੀ ਖੁਆਰੀ ਹੈ।
ਇਨ੍ਹਾਂ ਨਾਲ ਤਨ ਵਿੱਚ ਪੀੜ ਹੁੰਦੀ ਹੈ ਅਤੇ ਮਨ ਵਿੱਚ ਵਿਕਾਰ ਜਾਗਦੇ ਹਨ।
ਉਸਾਰੂ ਸੋਚ ਨਾਲ ਮਨ ਵਹਿਦਤ ਦੇ ਪਿਆਰ ਵਿੱਚ ਲਵਰੇਜ਼ ਹੋ ਜਾਂਦਾ ਹੈ। ਸੱਚ ਅਤੇ ਪੁੰਨ ਹੀ ਸਾਫ਼-ਸੁਥਰਾ ਲਿਬਾਸ ਹਨ।
ਬਦਨੀਅਤੀ ਦੀ ਕਾਲਖ਼ ਮਿਟਾ ਕੇ ਸੋਚ-ਵਿਚਾਰ ਦਾ ਕੱਪੜਾ ਧਾਰਨ ਕਰੋ।
**ਸੰਤੋਖ ਮੇਰੀ ਕਮਰ ਪੱਟੀ ਹੈ**। ਆਤਮ ਪੜਚੋਲ ਪਿਆਰ ਹੈ।
(ਸਿਰੀ ਰਾਗ, ਗੁਰੂ ਨਾਨਕ)

ਗੁਰੂ ਨਾਨਕ ਅਤੇ ਭਾਈ ਮਰਦਾਨਾ ਤੋਂ ਇਜਾਜ਼ਤ ਲੈ ਕੇ ਮੂਲਾ ਖੱਤਰੀ ਵਾਪਸ ਸਿਆਲਕੋਟ ਪਰਤ ਗਏ।

ਗੁਰੂ ਨਾਨਕ ਅਤੇ ਉਨ੍ਹਾਂ ਦੇ ਪਰਿਵਾਰ ਨੇ ਉਨ੍ਹਾਂ ਦੀ ਭੈਣ ਬੇਬੇ ਨਾਨਕੀ ਨੂੰ ਮਿਲਣ ਲਈ ਸੁਲਤਾਨਪੁਰ ਲੋਧੀ ਦਾ ਸਫ਼ਰ ਕੀਤਾ।

ਅਸੀਂ ਵਾਹਗਾ ਨਾਕੇ ਤੋਂ ਇੰਡੀਆ ਜਾ ਰਹੇ ਹਾਂ ਅਤੇ ਸੁਲਤਾਨਪੁਰ ਲੋਧੀ ਤੋਂ ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਆਪਣਾ ਸਫ਼ਰ ਅੱਗੇ ਤੋਰਾਂਗੇ।

ਬੇਬੇ ਨਾਨਕੀ ਅਤੇ ਸੁਲਤਾਨਪੁਰ ਲੋਧੀ ਦੇ ਲੋਕਾਂ ਨੇ ਗੁਰੂ ਨਾਨਕ ਦਾ ਨਿੱਘਾ ਸੁਆਗਤ ਕੀਤਾ। ਜਦੋਂ ਉਨ੍ਹਾਂ ਦੇ ਆਉਣ ਦੀ ਖ਼ਬਰ ਗਵਰਨਰ ਦੌਲਤ ਖ਼ਾਨ ਲੋਧੀ ਕੋਲ ਪਹੁੰਚੀ ਤਾਂ ਉਹ ਆਪ ਗੁਰੂ ਨਾਨਕ ਨੂੰ ਸਤਿਕਾਰ ਦੇਣ ਆਏ। ਉਨ੍ਹਾਂ ਨੇ ਗੁਰੂ ਨਾਨਕ ਤੋਂ ਸਫ਼ਰ ਦੇ ਤਜਰਬੇ ਅਤੇ ਵਸੇਬ ਦੇ ਮਨਸੂਬਿਆਂ ਬਾਰੇ ਪੁੱਛਿਆ। ਜੁਆਬ ਵਿੱਚ ਗੁਰੂ ਨਾਨਕ ਨੇ ਗਾਇਆ,

ਮੁਕਾਮੁ ਕਰਿ ਘਰਿ ਬੈਸਣਾ ਨਿਤ ਚਲਣੈ ਕੀ ਧੋਖ॥
ਮੁਕਾਮੁ ਤਾ ਪਰੁ ਜਾਣੀਐ ਜਾ ਰਹੈ ਨਿਹਚਲੁ ਲੋਕ॥
ਦੁਨੀਆ ਕੈਸਿ ਮੁਕਾਮੇ॥
ਕਰਿ ਸਿਦਕੁ ਕਰਣੀ ਖਰਚੁ ਬਾਧਹੁ ਲਾਗਿ ਰਹੁ ਨਾਮੇ॥
(ਸਿਰੀ ਰਾਗ, ਗੁਰੂ ਨਾਨਕ)

ਆਪਣੀ ਹੋਂਦ ਦੇ ਮੁਕਾਮ ਨੂੰ ਅੰਤਿਮ ਮੰਜ਼ਿਲ ਸਮਝਣ ਨਾਲ ਬੰਦਾ ਚਲਾਣੇ ਦੇ ਖ਼ੌਫ਼ ਵਿੱਚ ਘਿਰਿਆ ਰਹਿੰਦਾ ਹੈ।
ਜੇ ਸਭ ਕੁਝ ਪੱਕਾ ਰਹਿਣਾ ਹੋਵੇ ਅਤੇ ਤਬਦੀਲ ਨਾ ਹੋਣਾ ਹੋਵੇ ਤਾਂ ਇਸ ਨੂੰ ਅੰਤਿਮ ਮੁਕਾਮ ਮੰਨਿਆ ਜਾਵੇਗਾ।
ਇਹ ਦੁਨੀਆ ਕਿਹੋ-ਜਿਹਾ ਮੁਕਾਮ ਹੋ ਸਕਦੀ ਹੈ?
ਸਿਦਕ ਨਾਲ ਕੰਮ ਕਰੋ। ਚੰਗੇ ਕਰਮਾਂ ਵਿੱਚ ਸਮਾਂ ਖਰਚ ਕਰੋ ਅਤੇ ਸੋਚ-ਵਿਚਾਰ ਨਾਲ ਜੁੜੇ ਰਹੋ।
(ਸਿਰੀ ਰਾਗ, ਗੁਰੂ ਨਾਨਕ)

ਘਰ ਉਹ ਬੁਨਿਆਦੀ ਢਾਂਚਾ ਹੈ ਜਿਸ ਨਾਲ ਬਾਸ਼ਿੰਦੇ ਨੂੰ ਇਤਮਿਨਾਨ ਅਤੇ ਮਹਿਫ਼ੂਜ਼ੀਅਤ ਦਾ ਅਹਿਸਾਸ ਹੁੰਦਾ ਹੈ। ਗੁਰੂ ਨਾਨਕ ਨੇ ਆਪਣਾ ਰੂਹਾਨੀ ਢਾਂਚਾ ਸਿਰਜ ਲਿਆ ਸੀ ਜਿਸ ਵਿੱਚ ਉਨ੍ਹਾਂ ਨੇ ਸਮੁੱਚੀ ਸ੍ਰਿਸ਼ਟੀ ਨੂੰ ਘਰ ਵਜੋਂ ਇੱਕ ਪਰਿਵਾਰ ਬਣਾ ਲਿਆ ਸੀ। ਉਹ ਹਰ ਉਸ ਥਾਂ ਵਸਦੇ ਸਨ ਜਿੱਥੇ ਪਿਆਰ ਦਾ ਵਾਸਾ ਸੀ।

ਸੁਲਤਾਨਪੁਰ ਲੋਧੀ ਵਿੱਚ ਪਰਿਵਾਰ ਨਾਲ ਸਮਾਂ ਗੁਜ਼ਾਰਨ ਤੋਂ ਬਾਅਦ ਗੁਰੂ ਨਾਨਕ ਨੇ ਅਗਲੀ ਉਦਾਸੀ ਉੱਤੇ ਜਾਣ ਦਾ ਫ਼ੈਸਲਾ ਕਰ ਲਿਆ ਜਿਸ ਤਹਿਤ ਮੁਸਲਮਾਨਾਂ ਦੇ ਜੁੜ ਬੈਠਣ ਵਾਲੇ ਅਸਥਾਨ ਦਾ ਸਫ਼ਰ ਕਰਨਾ ਸੀ। ਭਾਈ ਮਰਦਾਨਾ ਨੇ ਗੁਰੂ ਨਾਨਕ ਨਾਲ ਪੱਛਮ ਵਾਲੇ ਪਾਸੇ ਜਾਣ ਦੀ ਹਾਮੀ ਭਰ ਦਿੱਤੀ।

ਗੁਰੂ ਨਾਨਕ ਦੇ ਪਦਚਿੰਨ੍ਹਾਂ ਉੱਤੇ ਸਫ਼ਰ ਕਰਨ ਵਾਲੇ ਮੁਸਾਫ਼ਰ ਵਜੋਂ ਮੇਰੇ ਉੱਤੇ ਅਨੰਤ ਮਿਹਰਬਾਨੀ ਹੋਈ ਹੈ ਪਰ ਮੇਰਾ ਮਨ ਉਸੇ ਉੱਤੇ ਟਿਕਦਾ ਹੈ ਜੋ ਮੈਨੂੰ ਨਹੀਂ ਮਿਲਿਆ। ਮੈਂ ਕਿਵੇਂ ਇਨ੍ਹਾਂ ਨਿਆਮਤਾਂ ਨਾਲ ਤ੍ਰਿਪਤ ਹੋਵਾਂ ਅਤੇ ਹੋਰ ਲਾਲਸਾ ਨਾ ਰੱਖਾਂ?

ਜੇਵਡੁ ਸਾਹਿਬੁ ਤੇਵਡ ਦਾਤੀ ਦੇ ਦੇ ਕਰੇ ਰਜਾਈ॥
ਨਾਨਕ ਨਦਰਿ ਕਰੇ ਜਿਸੁ ਉਪਰਿ ਸਚਿ ਨਾਮਿ ਵਡਿਆਈ॥
(ਰਾਗੁ ਮਾਝ, ਗੁਰੂ ਨਾਨਕ)

ਸਾਹਿਬ ਵਾਂਗ ਹੀ ਉਸ ਦੀਆਂ ਮਿਹਰਬਾਨੀਆਂ ਹਨ ਜੋ ਆਪਣੀ ਸਿਰਜਣਾ ਨੂੰ ਤ੍ਰਿਪਤ ਕਰਨ ਲਈ ਬਖ਼ਸ਼ਿਸ਼ਾਂ ਦਾ ਅੰਤਹੀਣ ਪ੍ਰਵਾਹ ਹਨ।
ਨਾਨਕ ਨੇ ਫ਼ਰਮਾਇਆ ਕਿ ਜਿਹੜੇ ਮਿਹਰਬਾਨੀਆਂ ਦੀ ਨਦਰ ਕਬੂਲ ਕਰ ਲੈਂਦੇ ਹਨ ਉਨ੍ਹਾਂ ਨੂੰ ਸੱਚੀ ਵਡਿਆਈ ਮਿਲਦੀ ਹੈ।
(ਰਾਗੁ ਮਾਝ, ਗੁਰੂ ਨਾਨਕ)

# ਚਰਚਾ ਲਈ ਕੁਝ ਨੁਕਤੇ

## ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ

### ਐਪੀਸੋਡ ੧੯: ਨਿਮਰਿਤ ਪ੍ਰਭਾਵ (ਹਲੀਮੀ ਦੀ ਛਾਪ)

ਇਸ ਐਪੀਸੋਡ ਵਿਚ ਚਰਚਾ ਨਾਲ ਸੰਬੰਧਿਤ ਇਹ ਨੁਕਤੇ ਗੁਰੂ ਨਾਨਕ ਦੀ ਯਾਤਰਾ ਨਾਲ ਸੰਬੰਧਿਤ ਅਮੀਰ ਇਤਿਹਾਸਕ ਅਤੇ ਦਾਰਸ਼ਨਿਕ ਪਹਿਲੂਆਂ ਦੀ ਪੜਚੋਲ ਕਰਨ ਲਈ ਇਕ ਰੂਪਰੇਖਾ ਪ੍ਰਦਾਨ ਕਰਦੇ ਹਨ। ਉਨ੍ਹਾਂ ਦੁਆਰਾ ਹਸਨ ਅਬਦਾਲ, ਟਿਲਾ ਜੋਗੀਆਂ ਅਤੇ ਸਿਆਲਕੋਟ ਵਰਗੇ ਮਹੱਤਵਪੂਰਨ ਥਾਵਾਂ ਦੀ ਕੀਤੀ ਯਾਤਰਾ ਦੀ ਸਮੀਖਿਆ ਕਰਕੇ, ਅਸੀਂ ਸੋਲ੍ਹਵੀਂ ਸਦੀ ਦੇ ਉਪਮਹਾਂਦੀਪ ਦੇ ਸੱਭਿਆਚਾਰਕ ਪਿਛੋਕੜ ਅਤੇ ਉਨ੍ਹਾਂ ਦੁਆਰਾ ਰਚਾਏ ਸੰਵਾਦ ਦੌਰਾਨ ਵਰਤੇ ਗੂੜ੍ਹ ਬਿਬੇਕ ਨੂੰ ਸਮਝਦੇ ਹਾਂ। ਇਹ ਦਾਰਸ਼ਨਿਕ ਜਗਿਆਸਾ ਦਰਸਾਉਂਦੀ ਹੈ ਕਿ ਗੁਰੂ ਨਾਨਕ ਨੇ ਨਿਰੰਤਰ ਨਿਮਰਤਾ, ਅੰਦਰੂਨੀ ਬਦਲਾਵ ਅਤੇ ਅਹੰਕਾਰ ਉੱਤੇ ਜਿੱਤ ਪ੍ਰਾਪਤ ਕਰਨ ਨੂੰ ਰੂਹਾਨੀ ਵਿਕਾਸ ਦੇ ਅਹਿਮ ਭਾਗ ਵਜੋਂ ਤਵੱਜੋ ਦਿਤੀ ਹੈ। ਉਨ੍ਹਾਂ ਨੇ ਰਵਾਇਤੀ ਰਸਮਾਂ ਅਤੇ ਲੋਕਾਂ ਵਿਚਕਾਰ ਪਈ ਵੰਡ ਨੂੰ ਵੀ ਚੁਣੌਤੀ ਦਿੱਤੀ। ਸੰਤੋਖ, ਹੋਂਦ ਦੀ ਅਸਥਾਈ ਪ੍ਰਕਿਰਤੀ, ਅਤੇ ਵਿਸ਼ਵਵਿਆਪੀ ਸੰਗਤ ਬਾਰੇ ਉਨ੍ਹਾਂ ਦਾ ਦਰਸ਼ਨ ਅੱਜ ਵੀ ਪ੍ਰਸੰਗਿਕ ਹੈ, ਜੋ ਮਨੁੱਖੀ ਅਨੁਭਵ ਦੀਆਂ ਜਟਿਲਤਾਵਾਂ ਦੀ ਨਿਸ਼ਾਨਦੇਹੀ ਬਿਬੇਕ ਅਤੇ ਦਇਆ ਨਾਲ ਕਰਨ ਲਈ ਮਾਰਗਦਰਸ਼ਨ ਪ੍ਰਦਾਨ ਕਰਦਾ ਹੈ।

## ਇਤਿਹਾਸਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਹਸਨ ਅਬਦਾਲ ਯਾਤਰਾ ਦੇ ਇਤਿਹਾਸਕ ਬ੍ਰਿਤਾਂਤ ਸਾਨੂੰ ਉਨ੍ਹਾਂ ਦੀਆਂ ਯਾਤਰਾਵਾਂ ਦੇ ਵੇਰਵਿਆਂ ਦੀ ਪ੍ਰਮਾਣਿਕਤਾ ਨਾਲ ਸੰਬੰਧਿਤ ਚੁਣੌਤੀਆਂ ਉੱਤੇ ਵਿਚਾਰ ਕਰਨ ਲਈ ਕਿਵੇਂ ਪ੍ਰੇਰਿਤ ਕਰਦੇ ਹਨ?

ਇਸ ਐਪੀਸੋਡ ਵਿਚ ਗੁਰੂ ਨਾਨਕ ਅਤੇ ਬਾਬਾ ਵਲੀ ਕੰਧਾਰੀ ਦਰਮਿਆਨ ਹਸਨ ਅਬਦਾਲ ਵਿਚ ਹੋਈ ਵਾਰਤਾਲਾਪ ਦਾ ਵਰਣਨ ਕੀਤਾ ਗਿਆ ਹੈ। ਇਸ ਮੁਲਾਕਾਤ ਦੌਰਾਨ, ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਨੇ ਇਕ ਪੱਥਰ ਹਟਾ ਕੇ ਪਾਣੀ ਦਾ ਸ੍ਰੋਤ ਉਤਪੰਨ ਕੀਤਾ ਅਤੇ ਇਕ ਰਿੜਦੇ ਆਉਂਦੇ ਪੱਥਰ ਨੂੰ ਆਪਣੇ ਹੱਥ ਨਾਲ ਰੋਕ ਲਿਆ, ਜਿਸ ਨਾਲ ਉਸ ਪੱਥਰ ਉਪਰ ਉਨ੍ਹਾਂ ਦੇ ਹੱਥ ਦਾ ਨਿਸ਼ਾਨ ਛੱਪ ਗਿਆ। ਭਾਵੇਂ ਇਹ ਬ੍ਰਿਤਾਂਤ ਮੁਢਲੀ 'ਜਨਮ ਸਾਖੀ' ਪਰੰਪਰਾ ਵਿਚ ਨਹੀਂ ਮਿਲਦਾ,

ਬਲਕਿ 'ਬਾਲਾ ਜਨਮਸਾਖੀ' ਵਿਚ ਬਾਅਦ ਵਿਚ ਦਰਜ਼ ਕੀਤਾ ਗਿਆ ਹੈ। ਇਹ ਤੱਥ ਗੁਰੂ ਨਾਨਕ ਨਾਲ ਸੰਬੰਧਿਤ ਇਤਿਹਾਸਕ ਯਾਦਾਂ ਦੇ ਵਿਕਾਸ ਬਾਰੇ ਸਾਨੂੰ ਕੀ ਦੱਸਦੇ ਹਨ, ਅਤੇ ਸਾਨੂੰ ਇਹਨਾਂ ਯਾਦਗਾਰੀ ਬ੍ਰਿਤਾਤਾਂ ਨਾਲ ਨਾਲ ਕਿਵੇਂ ਜੁੜਣਾ ਚਾਹੀਦਾ ਹੈ?

੨. ਟਿਲਾ ਜੋਗੀਆਂ ਸਥਾਨ ਦਾ ਇਤਿਹਾਸਕ ਮਹੱਤਵ ਕੀ ਹੈ, ਅਤੇ ਗੁਰੂ ਨਾਨਕ ਨੇ ਇਸ ਰੂਹਾਨੀ ਪਰੰਪਰਾ ਦੇ ਅਨੁਯਾਈਆਂ ਨਾਲ ਸੰਵਾਦ ਕਿਵੇਂ ਰਚਾਇਆ?
ਇਸ ਐਪੀਸੋਡ ਵਿਚ ਟਿਲਾ ਜੋਗੀਆਂ ਨੂੰ ਪਹਿਲੀ ਸਦੀ ਦੇ ਇਕ ਹਿੰਦੂ ਮੰਦਰ ਅਤੇ ਮੱਠ ਵਜੋਂ ਦਰਸਾਇਆ ਗਿਆ ਹੈ, ਜੋ ਪੋਠੋਹਾਰ ਪਠਾਰ ਵਿਚ ਸਥਿਤ ਲੂਣ ਖਾਣ ਦੀ ਸਭ ਤੋਂ ਉੱਚੀ ਚੋਟੀ ਉੱਤੇ, ੩,੨੦੦ ਫੁੱਟ ਦੀ ਉਚਾਈ 'ਤੇ ਸਥਿਤ ਹੈ। ਇਹ ਸਥਾਨ ਲਗਭਗ ਦੋ ਹਜ਼ਾਰ ਸਾਲਾਂ ਤਕ, (੧੯੪੭ ਤਕ), ਗੁਰੂ ਗੋਰਖਨਾਥ ਦੇ ਅਨੁਯਾਈਆਂ 'ਕੰਨਪਾਟੇ ਜੋਗੀਆਂ' ਦਾ ਨਿਵਾਸ ਰਿਹਾ। ਜਦੋਂ ਗੁਰੂ ਨਾਨਕ ਉੱਥੇ ਪਹੁੰਚੇ, ਤਾਂ ਬਾਬਾ ਬਾਲ ਨਾਥ ਨੇ ਉਨ੍ਹਾਂ ਦਾ ਸਵਾਗਤ ਕੀਤਾ। ਗੁਰੂ ਨਾਨਕ ਦੁਆਰਾ ਇਸ ਪ੍ਰਾਚੀਨ ਸੰਨਿਆਸ ਪਰੰਪਰਾ ਨਾਲ ਜੁੜਿਆ ਰੁਝਾਨ ਉਨ੍ਹਾਂ ਦੇ ਵੱਖ-ਵੱਖ ਰੂਹਾਨੀ ਅਭਿਆਸਾਂ ਪ੍ਰਤੀ ਰਵੱਈਏ ਨੂੰ ਕਿਵੇਂ ਦਰਸਾਉਂਦਾ ਹੈ?

੩. ੧੯੪੭ ਵਿੱਚ ਭਾਰਤੀ ਉਪਮਹਾਂਦੀਪ ਦੀ ਵੰਡ ਨੇ ਗੁਰੂ ਨਾਨਕ ਦੀ ਯਾਤਰਾ ਨਾਲ ਜੁੜੇ ਸਥਾਨਾਂ ਦੀ ਸੰਭਾਲ ਅਤੇ ਯਾਦਾਂ ਨੂੰ ਕਿਵੇਂ ਪ੍ਰਭਾਵਿਤਾ ਕੀਤਾ?
ਇਸ ਐਪੀਸੋਡ ਵਿਚ ੧੯੪੭ ਦੌਰਾਨ ਉਪ-ਮਹਾਂਦੀਪ ਦੀ ਧਰਮ ਅਧਾਰਿਤ ਹੋਈ ਵੰਡ ਕਾਰਣ ਉਜੜੇ ਅਤੇ ਅਤੇ ਖੰਡਰ ਹੋ ਚੁੱਕੇ ਗੁਰਦੁਆਰੇ ਵਿਖਾਏ ਗਏ ਹਨ। ਉਦਾਹਰਨ ਵਜੋਂ, ਟਿਲਾ ਜੋਗੀਆਂ ਦੇ ਨੇੜੇ ਚੋਆ ਬਾਬਾ ਨਾਨਕ ਗੁਰਦੁਆਰਾ ਅਤੇ ਸਿਆਲਕੋਟ ਦਾ ਬਾਬੇ-ਦਾ-ਬੇਰ ਗੁਰਦੁਆਰਾ ਇਸ ਭਿਆਨਕ ਸਮੇਂ ਦੌਰਾਨ ਹੋਏ ਸਿੱਖ ਅਤੇ ਹਿੰਦੂ ਭਾਈਚਾਰੇ ਦੇ ਉਜਾੜੇ ਕਾਰਣ ਮੁਰੰਮਤ ਤੋਂ ਵਾਂਝੇ ਹੋਣ ਕਾਰਣ ਜਰਜਰ ਹੋ ਗਏ। ਇਨ੍ਹਾਂ ਗੁਰਦੁਆਰਿਆਂ ਦੀ ਸਾਂਭ ਸੰਭਾਲ ਲਈ ਇਸ ਐਪੀਸੋਡ ਵਿਚ ਕਿਹੜੇ-ਕਿਹੜੇ ਸੁਝਾਵ ਦੱਸੇ ਗਏ ਹਨ, ਅਤੇ ਸਮਕਾਲੀਨ ਸਮੇਂ ਵਿਚ ਇਸ ਸਾਂਝੀ ਵਿਰਾਸਤ ਨੂੰ ਲੈ ਕੇ ਆਧੁਨਿਕ ਰਵੱਈਏ ਬਾਰੇ ਕੀ ਪ੍ਰਗਟ ਕਰਦੇ ਹਨ?

੪. ਇਸ ਐਪੀਸੋਡ ਵਿਚ ਗੁਰੂ ਨਾਨਕ ਅਤੇ ਹੋਰ ਧਰਮਾਂ ਦੇ ਰਹਿਬਰਾਂ ਦਰਮਿਆਨ ਹੋਏ ਕਿਹੜੇ-ਕਿਹੜੇ ਇਤਿਹਾਸਕ ਸੰਵਾਦ ਪੇਸ਼ ਕੀਤੇ ਗਏ ਹਨ?

ਐਪੀਸੋਡ ਵਿਚ ਗੁਰੂ ਨਾਨਕ ਦੇ ਵੱਖ-ਵੱਖ ਰੂਹਾਨੀ ਆਗੂਆਂ ਨਾਲ ਹੋਏ ਸੰਵਾਦਾਂ ਦਾ ਜ਼ਿਕਰ ਹੈ, ਜਿਨ੍ਹਾਂ ਵਿਚ ਅਫ਼ਗਾਨ ਸੂਫੀ ਬਾਬਾ ਵਲੀ ਕੰਧਾਰੀ, ਟਿਲਾ ਜੋਗੀਆਂ ਦੇ ਜੋਗੀ, ਸਿਆਲਕੋਟ ਵਿਚ ਪੀਰ ਹਮਜ਼ਾ ਗੌਸ, ਅਤੇ ਪਸਰੂਰ ਵਿਚ ਫਕੀਰ ਮੀਆਂ ਮਿੱਠਾ ਸ਼ਾਮਲ ਹਨ। ਇਹ ਵੱਖ-ਵੱਖ ਪਰਸਪਰ ਪ੍ਰਭਾਵ ਧਾਰਮਿਕ ਤੌਰ 'ਤੇ ਬਹੁਲਵਾਦੀ ਵਾਤਾਵਰਣ ਵਿਚ ਗੁਰੂ ਨਾਨਕ ਦੁਆਰਾ ਅਪਣਾਈ ਅੰਤਰ-ਧਰਮ ਸੰਵਾਦ ਪ੍ਰਤੀ ਪਹੁੰਚ ਨੂੰ ਕਿਵੇਂ ਦਰਸਾਉਂਦੇ ਹਨ?

੫. ਗੁਰੂ ਨਾਨਕ ਦੀ ਦੌਲਤ ਖ਼ਾਨ ਲੋਧੀ ਵਰਗੇ ਰਾਜਨੀਤਿਕ ਸ਼ਖਸੀਅਤਾਂ ਨਾਲ ਹੋਈ ਵਾਰਤਾਲਾਪ ਉਨ੍ਹਾਂ ਦੇ ਸਮਾਜਿਕ ਪ੍ਰਭਾਵ ਨੂੰ ਕਿਵੇਂ ਦਰਸਾਉਂਦੀ ਹੈ?
ਐਪੀਸੋਡ ਵਿਚ ਉਲਲੇਖ ਹੈ ਕਿ ਜਦੋਂ ਗਵਰਨਰ ਦੌਲਤ ਖ਼ਾਨ ਲੋਧੀ ਨੂੰ ਗੁਰੂ ਨਾਨਕ ਦੇ ਆਗਮਨ ਦੀ ਸੂਚਨਾ ਮਿਲੀ, ਤਾਂ ਉਹ ਖੁਦ ਉਨ੍ਹਾਂ ਨੂੰ ਸਤਿਕਾਰ ਦੇਣ ਆਏ। ਉਨ੍ਹਾਂ ਨੇ ਗੁਰੂ ਨਾਨਕ ਤੋਂ ਉਨ੍ਹਾਂ ਦੀਆਂ ਯਾਤਰਾਵਾਂ ਅਤੇ ਸਥਾਈ ਨਿਵਾਸ ਦੀ ਯੋਜਨਾ ਬਾਰੇ ਪੁੱਛਿਆ। ਇਕ ਉੱਚ ਅਧਿਕਾਰੀ ਵੱਲੋਂ ਗੁਰੂ ਨਾਨਕ ਨੂੰ ਦਿਤਾ ਗਿਆ ਇਹ ਸਨਮਾਨ, ਉਨ੍ਹਾਂ ਦੇ ਜੀਵਨ ਦੇ ਇਸ ਪੜਾਅ 'ਤੇ ਉਨ੍ਹਾਂ ਦੀ ਪ੍ਰਸਿੱਧੀ ਅਤੇ ਪ੍ਰਭਾਵ ਬਾਰੇ ਕੀ ਦਰਸਾਉਂਦਾ ਹੈ?

## ਦਾਰਸ਼ਨਿਕ ਚਰਚਾ ਨੁਕਤੇ:

੧. ਗੁਰੂ ਨਾਨਕ ਦੀ ਬਾਬਾ ਵਲੀ ਕੰਧਾਰੀ ਨਾਲ ਹਸਨ ਅਬਦਾਲ ਵਿਚ ਹੋਈ ਵਾਰਤਾਲਾਪ ਉਨ੍ਹਾਂ ਦੀ ਨਿਮਰਤਾ ਅਤੇ ਅਹੰਕਾਰ ਵਿਚਲੇ ਗੰਭੀਰ ਅੰਤਰ ਨੂੰ ਕਿਵੇਂ ਉਜਾਗਰ ਕਰਦੀ ਹੈ?
ਐਪੀਸੋਡ ਇਕ ਇਤਿਹਾਸਕ ਬ੍ਰਿਤਾਂਤ ਪੇਸ਼ ਕਰਦਾ ਹੈ ਜਿਸ ਅਨੁਸਾਰ ਬਾਬਾ ਵਲੀ ਕੰਧਾਰੀ ਆਪਣੇ ਅਨੁਯਾਈਆਂ ਦੀ ਸਿਫ਼ਤ ਕਾਰਨ ਅਹੰਕਾਰ ਵਿਚ ਆ ਗਏ ਸਨ। ਉਨ੍ਹਾਂ ਨੇ ਉਨ੍ਹਾਂ ਲੋਕਾਂ ਨੂੰ ਪਾਣੀ ਦੇਣ ਤੋਂ ਇਨਕਾਰ ਕਰ ਦਿਤਾ ਜੋ ਉਨ੍ਹਾਂ ਦੀਆਂ ਸਿੱਖਿਆਵਾਂ ਦਾ ਪਾਲਣ ਨਹੀਂ ਕਰਦੇ ਸਨ। ਅਹਿਸਨ ਅਲੀ ਪੱਥਰ ਉੱਤੇ ਬਣੇ ਹਥੇਲੀ ਦੇ ਨਿਸ਼ਾਨ ਨੂੰ ਨਿਮਰਤਾ ਦੇ ਪਰਮ ਰੂਹਾਨੀ ਗੁਣ ਦੇ ਪ੍ਰਤੀਕ ਵਜੋਂ ਵੇਖਦੇ ਹਨ, ਜਦਕਿ ਪੱਥਰ ਨੂੰ ਮਨੁੱਖੀ ਅਹੰਕਾਰ ਦੇ ਹਨੇਰੇ ਦਾ ਪ੍ਰਤੀਕ ਮੰਨਦੇ ਹਨ। ਇਹ ਬ੍ਰਿਤਾਂਤ ਐਪੀਸੋਡ ਦੇ ਸਿਰਲੇਖ "ਨਿਮ੍ਰਿਤ ਪ੍ਰਭਾਵ" (ਨਿਮਰਤਾ ਦੀ ਛਾਪ) ਨੂੰ ਕਿਵੇਂ ਸਰੂਪ ਦਿੰਦਾ ਹੈ?

੨. ਟਿਲਾ ਜੋਗੀਆਂ ਵਿਖੇ ਸੰਨਿਆਸੀਆਂ ਨਾਲ ਹੋਈ ਗੁਰੂ ਨਾਨਕ ਦੀ ਵਾਰਤਾਲਾਪ ਰੂਹਾਨੀ ਅਭਿਆਸਾਂ ਅਤੇ ਰੋਜ਼ਾਨਾ ਜੀਵਨ ਦੇ ਸਧਾਰਣ ਕੰਮਾਂ ਦੇ ਵਿਚਕਾਰ ਸੰਬੰਧਾਂ ਬਾਰੇ ਉਨ੍ਹਾਂ ਦੇ ਨਜ਼ਰੀਏ ਨੂੰ ਕਿਵੇਂ ਉਜਾਗਰ ਕਰਦੀ ਹੈ?
ਐਪੀਸੋਡ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਨੇ ਇਹ ਅਨੁਭਵ ਕੀਤਾ ਕਿ ਰੂਹਾਨੀ ਗਿਆਨ ਇਕਾਂਤਵਾਸ ਹੋ ਕੇ ਨਹੀਂ ਬਲਕਿ ਗ੍ਰਿਹਸਥ ਜੀਵਨ ਜੀਉਂਦਿਆਂ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਜਦੋਂ ਜੋਗੀਆਂ ਨੇ ਉਨ੍ਹਾਂ ਨੂੰ ਉਨ੍ਹਾਂ ਦੇ ਗੁਰੂ ਅਤੇ ਰੂਹਾਨੀ ਰਾਹ ਬਾਰੇ ਪੁੱਛਿਆ, ਤਾਂ ਗੁਰੂ ਨਾਨਕ ਨੇ ਉੱਤਰ ਦਿੱਤਾ ਕਿ ਆਤਮ-ਚਿੰਤਨ ਉਨ੍ਹਾਂ ਦੇ ਗੁਰੂ ਹਨ ਅਤੇ ਏਕਤਾ ਉਨ੍ਹਾਂ ਦਾ ਰਾਹ ਹੈ। ਇਹ ਨਜ਼ਰੀਆ ਰੂਹਾਨੀਅਤ ਪ੍ਰਾਪਤੀ ਲਈ ਸੰਸਾਰੀ ਕੰਮਾਂ ਤੋਂ ਵਿਰਕਤੀ ਹੋਣ ਦੀ ਪਰੰਪਰਾਗਤ ਧਾਰਣਾ ਨੂੰ ਕਿਵੇਂ ਚੁਣੌਤੀ ਦਿੰਦਾ ਹੈ?

੩. ਸਿਆਲਕੋਟ ਵਿਚ ਗੁਰੂ ਨਾਨਕ ਦੀ ਮੂਲਾ ਖੱਤਰੀ ਨਾਲ ਹੋਈ ਵਾਰਤਾਲਾਪ ਜੀਵਨ ਅਤੇ ਭੌਤਿਕ ਚੀਜ਼ਾਂ ਦੀ ਛਿੰਨ-ਭੰਗਰਤਾ ਬਾਰੇ ਉਨ੍ਹਾਂ ਦੇ ਨਜ਼ਰੀਏ ਨੂੰ ਕਿਵੇਂ ਦਰਸਾਉਂਦੀ ਹੈ?
ਜਦੋਂ ਮੂਲਾ ਖੱਤਰੀ ਨੂੰ ਸੱਚ ਅਤੇ ਝੂਠ ਖਰੀਦਣ ਲਈ ਪੁਛਿਆ ਗਿਆ, ਤਾਂ ਉਨ੍ਹਾਂ ਨੇ ਸੋਚ ਕੇ ਉੱਤਰ ਦਿੱਤਾ ਕਿ ਮੌਤ ਸੱਚ ਹੈ ਅਤੇ ਜੀਵਨ ਝੂਠ। ਗੁਰੂ ਨਾਨਕ ਨੇ ਇਸ ਨਜ਼ਰੀਏ ਨੂੰ ਸਵੀਕਾਰ ਕਰਦੇ ਹੋਏ ਕਿਹਾ ਕਿ ਜਿਵੇਂ ਮਨੁੱਖ ਆਉਂਦਾ ਹੈ, ਤਿਵੇਂ ਹੀ ਚਲਿਆ ਜਾਂਦਾ ਹੈ। ਸਰੀਰ ਅਤੇ ਧਨ ਉੱਤੇ ਕੇਂਦਰਤ ਹੋਣਾ ਹੰਕਾਰ ਵੱਲ ਲੈ ਜਾਂਦਾ ਹੈ। ਜਦੋਂ ਮਨੁੱਖ ਭੌਤਿਕਵਾਦ ਅਤੇ ਸੁਖ ਵਿਚ ਲਿਪਤ ਹੋ ਜਾਂਦਾ ਹੈ, ਤਾਂ ਉਹ ਆਤਮ-ਚਿੰਤਨ ਤੋਂ ਦੂਰ ਹੋ ਜਾਂਦਾ ਹੈ ਅਤੇ ਸੰਦੇਹ ਵਿਚ ਫਸ ਜਾਂਦਾ ਹੈ। ਇਹ ਵਿਚਾਰ ਗੁਰੂ ਨਾਨਕ ਦੁਆਰਾ ਭੌਤਿਕ ਵਸਤਾਂ ਦੇ ਮੋਹ ਪ੍ਰਤੀ ਕਿਹੜਾ ਦਰਸ਼ਨਸ਼ਾਸਤਰੀ ਨਜ਼ਰੀਆ ਪੇਸ਼ ਕਰਦਾ ਹੈ?

੪. ਪੀਰ ਹਮਜ਼ਾ ਗੌਸ ਅਤੇ ਫਕੀਰ ਮੀਆਂ ਮਿੱਠਾ ਨਾਲ ਹੋਈ ਚਰਚਾ ਵਿੱਚ ਗੁਰੂ ਨਾਨਕ ਦਾ ਧਾਰਮਿਕ ਰਸਮਾਂ ਪ੍ਰਤੀ ਨਜ਼ਰੀਆ ਕਿਵੇਂ ਪ੍ਰਗਟ ਹੁੰਦਾ ਹੈ?
ਗੁਰੂ ਨਾਨਕ ਨੇ ਪੀਰ ਹਮਜ਼ਾ ਗੌਸ, ਜੋ ਚਾਲੀ ਦਿਨ ਦੀ ਤਪੱਸਿਆ ਕਰ ਰਹੇ ਸਨ, ਨੂੰ ਕਿਹਾ ਕਿ ਵਰਤ ਅਤੇ ਤਪੱਸਿਆ ਨਾਲ ਮਨ ਨੂੰ ਨਰਮ ਨਹੀਂ ਕੀਤਾ ਜਾ ਸਕਦਾ। ਜਦੋਂ ਮੀਆਂ ਮਿੱਠਾ ਨੇ ਪੁੱਛਿਆ ਕਿ ਬਿਨਾਂ ਕਿਸੇ ਨਬੀ ਦੇ ਮੁਕਤੀ ਕਿਵੇਂ ਮਿਲ ਸਕਦੀ ਹੈ, ਤਾਂ ਗੁਰੂ ਨਾਨਕ ਨੇ ਗਿਆਨ ਦੀਆਂ ਗੱਲਾਂ ਰਾਹੀਂ ਉੱਤਰ ਦਿੱਤਾ — ਕਿ ਗਿਆਨ ਦੀ ਬੱਤੀ ਬਣਾਓ ਅਤੇ ਉਸ ਨੂੰ ਸਰੀਰ ਦੇ

ਅੰਦਰ ਰੱਖੋ ਤਾਂ ਜੋ ਅੰਤਰੀਵੀ ਪ੍ਰਕਾਸ਼ ਰਾਹੀਂ ਸੱਚ ਦੀ ਪ੍ਰਾਪਤੀ ਹੋਵੇ। ਇਹ ਉੱਤਰ ਧਾਰਮਿਕ ਰਸਮਾਂ ਅਤੇ ਇਸ ਨੂੰ ਨਿਭਾਉਣ ਵਾਲੇ ਪ੍ਰੋਹਿਤ ਪ੍ਰਤੀ ਉਨ੍ਹਾਂ ਦੇ ਨਜ਼ਰੀਏ ਨੂੰ ਕਿਵੇਂ ਦਰਸਾਉਂਦੇ ਹਨ?

੫. ਆਪਣੇ ਘਰ ਵਾਪਸੀ ਸਮੇਂ ਸਾਂਝੇ ਕੀਤੇ ਗਏ ਸਬਦ ਵਿਚ ਗੁਰੂ ਨਾਨਕ ਸਚੇ ਸੰਤੋਖ ਨੂੰ ਕਿਵੇਂ ਪਰਿਭਾਸ਼ਤ ਕਰਦੇ ਹਨ?
ਜਦੋਂ ਉਨ੍ਹਾਂ ਦੀ ਮਾਤਾ ਨੇ ਉਨ੍ਹਾਂ ਦੇ ਮਨਪਸੰਦ ਭੋਜਨ ਬਣਾਉਣ ਬਾਰੇ ਪੁੱਛਿਆ ਤਾਂ ਐਪੀਸੋਡ 'ਚ ਪਤਾ ਲੱਗਦਾ ਹੈ ਕਿ ਯਾਤਰਾ ਦੌਰਾਨ ਰੂਹਾਨੀ ਆਨੰਦ ਦਾ ਅਨੁਭਵ ਮਾਨ ਚੁੱਕੀ ਉਨ੍ਹਾਂ ਦੀ ਆਤਮਾ ਸੰਤੁਸ਼ਟ ਸੀ ਅਤੇ ਹੁਣ ਉਨ੍ਹਾਂ ਨੂੰ ਸੰਸਾਰੀ ਸੁਖਾਂ ਦੀ ਕੋਈ ਚਾਹ ਨਹੀਂ ਸੀ। ਉਨ੍ਹਾਂ ਨੇ ਇਕ ਸਬਦ ਰਾਹੀਂ ਇਹ ਭਾਵਨਾ ਪ੍ਰਗਟ ਕੀਤੀ ਕਿ ਭੌਤਿਕ ਸੁਖਾਂ ਵਿਚ ਲਿਪਤ ਹੋਣਾ ਭਟਕਾਉਣ ਵਾਲਾ ਹੈ, ਕਿਉਂਕਿ ਇਹ ਸਰੀਰਕ ਪੀੜਾ ਅਤੇ ਮਨ ਨੂੰ ਵਿਕਾਰੀ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਸੱਚਾ ਸੰਤੋਖ ਸਹਾਰਾ ਦੇਣ ਵਾਲੇ ਕਮਰਬੰਧ ਵਾਂਗ ਹੈ, ਜਦਕਿ ਅਸਲੀ ਧਨ ਅਤੇ ਸੋਭਾ ਆਤਮ-ਚਿੰਤਨ ਵਿਚ ਹੀ ਨਿਹਿਤ ਹੈ। ਇਹ ਵਿਚਾਰ ਉਨ੍ਹਾਂ ਦੇ ਸਚੇ ਸੰਤੋਖ ਪ੍ਰਤੀ ਦਰਸ਼ਨ ਬਾਰੇ ਕੀ ਦੱਸਦਾ ਹੈ?

੬. ਜਦੋਂ ਗੁਰੂ ਨਾਨਕ "ਮਨ" ਨੂੰ ਨੈਤਿਕ ਨਿਆਂਪਾਲ ਕਹਿੰਦੇ ਹਨ, ਤਾਂ ਉਨ੍ਹਾਂ ਦਾ ਇਸ ਤੋਂ ਕੀ ਭਾਵ ਹੁੰਦਾ ਹੈ ਜੋ ਲਗਾਤਾਰ ਚੌਕਸੀ ਅਤੇ ਜਾਗਰੂਕਤਾ ਦੀ ਮੰਗ ਕਰਦਾ ਹੈ?
ਐਪੀਸੋਡ ਵਿੱਚ ਦੱਸਿਆ ਗਿਆ ਹੈ ਕਿ ਗੁਰੂ ਨਾਨਕ ਆਪਣੇ ਸਬਦਾਂ ਵਿੱਚ 'ਮਨ' ਸ਼ਬਦ ਦੀ ਵਰਤੋਂ ਕਰਦੇ ਹਨ, ਜਿਸ ਨੂੰ ਆਮ ਤੌਰ 'ਮਨ' ਜਾਂ 'ਹਿਰਦੇ' ਵਜੋਂ ਸਮਝਿਆ ਜਾਂਦਾ ਹੈ। ਭਾਰਤੀ ਪਰੰਪਰਾ ਵਿੱਚ 'ਮਨ' ਨੂੰ ਬੁੱਧੀ ਅਤੇ ਅਹੰਕਾਰ ਦੇ ਮਿਲਾਪ ਵਜੋਂ ਮੰਨਿਆ ਜਾਂਦਾ ਹੈ, ਜੋ ਫੈਸਲੇ ਲੈਣ ਵਾਲੀ ਸ਼ਕਤੀ ਵਜੋਂ ਕੰਮ ਕਰਦਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਅਸਲ ਪ੍ਰਾਪਤੀ ਤਦੋਂ ਹੁੰਦੀ ਹੈ ਜਦੋਂ 'ਮਨ', ਨੈਤਿਕ ਨਿਆਂਪਾਲ ਵਜੋਂ, ਅੰਦਰਲੀ ਸਕਾਰਾਤਮਕ ਪ੍ਰੇਰਣਾ ਤੋਂ ਨਾ ਭਟਕੇ ਅਤੇ ਸਾਵਧਾਨ ਰਹੇ। ਇਹ ਅਵਧਾਰਣਾ ਉਨ੍ਹਾਂ ਦੇ ਆਤਮ-ਚਿੰਤਨ ਦੇ ਅਭਿਆਸ ਉੱਤੇ ਦਿੱਤੇ ਜ਼ੋਰ ਨਾਲ ਕਿਵੇਂ ਜੁੜਦੀ ਹੈ?

'ਸੈਨਤ, ਗੁਰੂ ਨਾਨਕ ਦੇ ਪੈਂਡਿਆਂ ਦੀ ਰੂਹਾਨੀ ਛਾਪ', ੨੪ ਕੜੀਆਂ ਦੀ ਗੁਰੂ ਨਾਨਕ ਦਸਤਾਵੇਜ਼ੀ

**TheGuruNanak.com** ਤੇ ੫ ਭਾਸ਼ਾਵਾਂ ਵਿੱਚ ਉਪਲਬਧ ਹੈ।

ਈਮੇਲ: **onenessindiversityfoundation@gmail.com**